3760

੧ਓ ਸਤਿਗੁਰ ਪ੍ਰਸਾਦਿ ॥

"ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ॥




## ਵਾਰ ੧ ਪਉੜੀ ੨੩ ਭਾਈ ਗੁਰਦਾਸ ਜੀ

ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰ ਨਾਨਕ ਜਗ ਮਾਹਿ ਪਠਾਇਆ।[1]
ਚਰਨ ਧੋਇ ਰਹਰਾਸਿ[2] ਕਰਿ, ਚਰਣਾਮ੍ਰਿਤੁ ਸਿਖਾਂ ਪਿਲਾਇਆ।
ਪਾਰ ਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰਿ ਇਕ ਦਿਖਾਇਆ।
ਚਾਰੇ ਪੈਰ ਧਰਮ ਦੇ, ਚਾਰਿ ਵਰਨ ਇਕ ਵਰਨੁ ਕਰਾਇਆ।
ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ[3] ਦਾ, ਪੈਰਾ ਉਪਰ ਸੀਸੁ ਨਿਵਾਇਆ।
ਕਲਿਜੁਗ ਬਾਬੇ ਤਾਰਿਆ, ਸਤਿਨਾਮ ਪੜਿ ਮੰਤ੍ਰ ਸੁਣਾਇਆ।
ਕਲਿ ਤਾਰਣ ਗੁਰ ਨਾਨਕੁ ਆਇਆ ॥੨੩॥

---

1. ਭੇਜਿਆ ੨. ਮਰਿਆਦਾ ੩. ਪਿਆਰੇ (ਗੁਰੂ ਨਾਨਕ ਦਾ)

ਨਵੰਬਰ ੧੯੭੨

www.AKJ.Org

# ਲੇਖ ਸੂਚੀ


| ਲੇਖ | ਲੇਖਕ | ਪੰਨਾ |
|---|---|---|
| 1. ਸ਼ਬਦ | | |
| 2. ਬਾਬਾ ਵੈਦ ਰੋਗੀਆਂ ਦਾ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 2 |
| 3, ਗੁਰੂ ਨਾਨਕ ਦਰਸ ਹੁਲਾਸੜੀਆਂ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 19 |
| 4. ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਤ੍ਰਿਤੀਆ ਯਾਤਰਾ | ਭਾਈ ਸੋਹਨ ਲਾਲ ਸਿੰਘ ਜੀ, ਨਵੀਂ ਦਿਲੀ | 23 |
| 5. ਕਿਵ ਸਚਿਆਰਾ ਹੋਈਐ | ਭਾਈ ਗੁਰਚਰਨ ਸਿੰਘ ਜੀਐਮ.ਏ.ਰੀਸਰਚ ਸਕਾਲਰ | 27 |
| 6, ਕਲਿਤਾਰਨ ਗੁਰੂ ਨਾਨਕ ਸਾਹਿਬ ਜੀ | ਪ੍ਰੋ: ਗੁਰਮਖ ਸਿੰਘ ਐਮ. ਏ. ਕਪੂਰਥਲਾ | 37 |
| 7, ਬਾਬੇ ਦੀ ਇਕ ਸਿਖਿਆ | ਭਾਈ ਤਾਰਾ ਸਿੰਘ ਐਮ. ਏ. ਕਪੂਰਥਲਾ | 43 |
| 8. ਸ੍ਰੀ ਹੇਮ ਕੁੰਟ ਮਿਸ਼ਨ | ਭਾਈ ਹਰਨਾਮ ਸਿੰਘ ਵਾਸੂ, ਸੀਨੀਅਰ ਐਡਵੋਕੇਟ | 49 |



ਚੋਹਾਨ ਪ੍ਰਿੰਟਿੰਗ ਪ੍ਰੈਸ, E.B. 124 ਕਿਲਾ ਬਜਾਰ, ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305L, ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ।



www.AKJ.Org

ਐਡੀਟਰ

ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ
ਦੇਸ਼ 6 ਰੁਪਏ
ਪ੍ਰਦੇਸ਼ ਸਮੁੰਦਰ 15 ਰੁਪਏ

ਸਰਬ ਹਿੰਦ ਅਖੰਡ ਕੀਰਤਨੀ ਜਥੇ ਦਾ ਗੁਰਮਤਿ ਮਾਸਕ ਪੱਤਰ

ਜਿਲਦ ੬) ੧ ਨਵੰਬਰ ੧੯੭੨ ਅੰਕ ੧੦

## ਸੂਹੀ ਮਹਲਾ ੪ ਘਰੁ ੫

ਗੁਰੁ ਸੁੰਦਰੁ ਮੋਹਨੁ ਪਾਇ ਕਰੇ, ਹਰਿ ਪ੍ਰੇਮ ਬਾਣੀ ਮਨੁ ਮਾਰਿਆ ।
ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ, ਮਨ ਆਸਾ ਚਿੰਤ ਵਿਸਾਰਿਆ ।
ਮੈ ਅੰਤਰ ਵੇਦਨ ਪ੍ਰੇਮ ਕੀ, ਗੁਰ ਦੇਖਤ ਮਨੁ ਸਾਧਾਰਿਆ ।
ਵਡਭਾਗੀ ਪ੍ਰਭ ਆਇ ਮਿਲੁ, ਜਨੁ ਨਾਨਕੁ ਖਿਨੁ ਖਿਨੁ ਵਾਰਿਆ ॥

## ਸਲੋਕ ਮਹਲਾ ੫

ਤੇਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥

www.AKJ.Org

# ਬਾਬਾ ਵੈਦ ਰੋਗੀਆਂ ਦਾ

ਲੇਖਕ :- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰ ਨਾਨਕ ਨਿਰੰਕਾਰੀ ਨੂੰ ਸੰਸਾਰੀਆਂ ਉਤੇ ਤਰਸ ਆਇਆ, ਰੋਗ ਗ੍ਰਸ ਸੰਸਾਰੀਆਂ ਉਤੇ ਰਹਿਮ ਆਇਆ ਅਤੇ ਬਹੁਤਾ ਏਸ ਕਰਕੇ ਆਇਆ ਕਿ ਰੋਗੀ ਸੰਸਾਰ ਨੂੰ ਆਪਣੇ ਰੋਗ ਦਾ ਹੀ ਪਤਾ ਨਹੀਂ ਸੀ। ਰੋਗ ਰੰਝਾਣੇ ਸੰਸਾਰੀਆਂ ਨੂੰ ਆਪਣੇ ਰੋਗ ਨੂੰ ਰੋਗ ਜਾਨਣ ਦਾ ਅਹਿਸਾਸ ਹੀ ਨਹੀਂ ਸੀ। ਕੈਸੀ ਤਰਸ ਯੋਗ ਹਾਲਤ ਹੈ। ਰੋਗੀ ਤ੍ਰਾਹ ਤ੍ਰਾਹ ਕਰ ਆਪਣੇ ਰੋਗ ਵਿਚ ਰਿਝ ਰਹੇ ਹਨ। ਹਾਏ ਹਾਏ ਕਰ. ਰੋਗ ਦੇ ਮਾਰੇ, ਬਿਲਲਾ ਰਹੇ ਹਨ, ਪਰ ਉਨ੍ਹਾਂ ਨੂੰ ਆਪਣੇ ਰੋਗ ਦੀ ਸਾਰ ਨਹੀਂ, ਰੋਗ ਦੀ ਖਬਰ ਨਹੀਂ, ਉਨ੍ਹਾਂ ਨੂੰ ਰੋਗ ਪ੍ਰਤੀਤ ਨਹੀਂ ਹੁੰਦਾ। ਰੋਗੀਆਂ ਨੂੰ ਆਪਣੇ ਰੋਗ ਦੀ ਪਛਾਣ ਨਹੀਂ। ਰੋਗ ਦੀ ਪਰਤੀਤੀ ਹੀ ਨਹੀਂ, ਪਰ ਉਪਕਾਰ ਕਉਣ ਕਰੇ? ਪੀੜਾ ਹੈ, ਪਰ ਪੀੜਾ ਦੀ ਸੂਝ ਨਹੀਂ!! ਵੇਦਨ ਹੈ, ਪਰ ਵਦਨ ਦੀ ਬੁਝ ਨਹੀਂ। ਕਾਰਨ ਦੁਖ ਹੈ, ਪਰ ਦੁਖ ਦਾ ਭੇਤ ਨਹੀਂ। ਦੁਖ ਰੋਗ ਵਿਚ ਰਿੱਝ ਕਰਿੱਝ ਕੇ ਮਰ ਰਹੇ ਹਨ, ਖੁਰ ਖਪ ਰਹੇ ਹਨ, ਫਿਰ ਰੋਗੀ ਅਜਾਣ ਹਨ. ਪੁਕਾਰ ਕਰਨ ਤਾਂ ਕੀ ਕਰਨ? ਕਿਸ ਰੋਗ ਦੀ ਪੁਕਾਰ ਕਰਨ? ਨਾਂ ਪੁਕਾਰ ਨਾਂ ਵੈਦ ਦੀ ਜੋਹਾਰ। ਬਿਨਾਂ ਲੋੜ ਤੋਂ, ਬਿਨਾਂ ਪੁਕਾਰ ਤੋਂ ਵੈਦ ਬੁਲਾਵਣ ਦੀ ਕੀ ਲੋੜ? ਰੋਗੀਆਂ ਦੀ ਰੋਗ ਫਰਿਆਦ ਸੁਣੇ ਬਿਹੂਣ ਸੰਸਾਰ ਦੇ ਵੈਦਾਂ ਦੇ ਉਹ ਕੰਨ ਹੀ ਨਹੀਂ ਕਿ ਉਸ ਫਰਿਆਦ ਨੂੰ ਸੁਨਣ। ਬਿਨਾਂ ਪੁਕਾਰ ਸੁਣਾਏ, ਬਿਨਾਂ ਰੋਗ ਜਣਾਏ ਸੰਸਾਰੀ ਵੈਦਾਂ ਨੂੰ ਜਾਚ ਹੀ ਨਹੀਂ ਕਿ ਆਪੇ ਉਸ ਰੋਗ ਦੀ ਪਰਖ ਪਛਾਣ ਕਰ ਸਕਣ। ਉਹ ਤਾਂ ਆਪ ਹੀ ਇਸ ਰੋਗ ਦੇ ਆਰੀ ਹਨ। ਸੰਸਾਰੀ ਵੈਦ ਨੂੰ ਇਸ ਰੋਗ ਦੀ ਤਸ਼ਖੀਸ ਤਾਬੀਰ ਹੁੰਦੀ ਤਾਂ ਪਹਿਲਾਂ ਆਪਣਾ ਰੋਗ ਹੀ ਨਾ ਗੰਵਾ ਲੈਂਦੇ। ਰੋਗੀ ਵੈਦ ਰੋਗੀ ਬੀਮਾਰ ਦਾ ਕਿ ਇਲਾਜ ਕਰ ਸਕਦੇ ਹਨ ਜਦ ਕਿ ਰੋਗ ਵੈਦ ਅਤੇ ਬੀਮਾਰ ਨੂੰ, ਡਾਕਟਰ ਅਤੇ ਪੇਸ਼ੇਂਟ ਨੂੰ, ਹਕੀਮ ਅਤੇ ਮਰੀਜ ਨੂੰ ਇਕੋ ਅਤੇ ਓਹੋ ਰੋਗ ਹੀ ਹੋਵੇ। ਸਚ ਤਾਂ ਇਹ ਹੈ ਕਿ ਸੰਸਾਰੀ ਵੈਦ ਸਭ ਅਜਾਣ ਹਨ। ਕੋਈ ਭੀ ਸੁਜਾਣ ਵੈਦ ਨਹੀਂ। ਸੰਸਾਰਕ ਅਤੇ ਸਰੀਰਕ ਰੋਗਾਂ ਦੇ ਤਾਂ ਬਥੇਰੇ ਵੈਦ ਹਕੀਮ ਅਤੇ ਡਾਕਟਰ ਬਣੇ ਫਿਰਦੇ ਹਣ, ਪਰ ਇਹ ਸਰੀਰ ਦਾ ਰੋਗ ਤਾਂ ਇਕ



www.AKJ.Org

ਓਪਰਾ ਜਿਹਾ ਰੋਗ ਹੈ, ਸੋ ਉਸ ਦੇ ਵੈਦ ਭੀ ਓਪਰੇ ਜਿਹੇ ਅਤੇ ਉਰੇ ਪਰੇ ਦੇ। ਉਰੇ ਪਰੇ ਦੀਆਂ ਬੀਮਾਰੀਆਂ ਉਰੇ ਪਰੇ ਦੀਆਂ ਦਵਾਈਆਂ ਦੇ ਕੇ ਹਟਾ ਦਿੰਦੇ ਹਨ। ਉਹ ਭੀ ਆਰਜ਼ੀ ਤੌਰ ਪਰ ਰੋਗ ਦੀ ਜੜ੍ਹ ਮੇਖ ਫੇਰ ਭੀ ਉਹਨਾਂ ਪਾਸੋਂ ਨਹੀਂ ਜਾਂਦੀ। ਜੇ ਜਾਵੇ ਤਾਂ ਮੁੜ ਮੁੜ ਕੇ ਫੇਰ ਓਹੋ ਰੋਗ ਨਾਂ ਹੋਣ, ਨਾ ਉਪਜ ਖੜੋਣ। ਜਦ ਤਾਈਂ ਸਾਰੇ ਰੋਗਾਂ ਦਾ ਰੋਗ, ਦੀਰਘ ਰੋਗ ਤਲਾਮੂਲ ਤੋਂ ਨਹੀਂ ਉਖੜਦਾ, ਜਦ ਤਾਈਂ ਸਾਰੇ ਰੋਗਾਂ ਦੇ ਮੂਲ ਕਾਰਨ ਦੀ ਜੜ ਮੇਖ ਨਹੀਂ ਜਾਂਦੀ: ਤਦ ਤਕ ਰੋਗੀ ਅਰੋਗ ਅਤੇ ਨਿਰਦੋਖ ਕਿਵੇਂ ਹੋਣ। ਹੋਰ ਹੋਰ ਰੋਗਾਂ ਦੇ ਇਲਾਜ ਤਾਂ ਕਰੀ ਕਰਾਈ ਜਾਂਦੇ ਹਨ, ਪਰ ਮੂਲ ਮੇਖਨੀ ਰੋਗੀ ਦਾ ਕੋਈ ਇਲਾਜ ਨਹੀਂ ਕਰਾਉਂਦਾ ਅਤੇ ਨਾਂ ਹੀ ਉਸ ਦਾ ਇਲਾਜ ਕਰਨ ਹਾਰਾ ਸੰਸਾਰ ਵਿਚ ਕੋਈ ਹੈ। ਹਜ਼ਰਤ ਈਸਾ ਜੀ ਰੋਗਾ ਦੇ ਮਸੀਹਾ ਹੋ ਕੇ ਉਠੇ। ਪਰ ਇਸ ਵਿਅਕਤੀ ਨੇ ਭੀ ਸਰੀਰਾਂ ਦੇ ਆਮ ਰੋਗ ਹੀ ਹਟਾਏ। ਦੀਰਘ ਰੋਗ ਦੀ ਇਸ ਨੂੰ ਭੀ ਪਛਾਣ ਨਾਂ ਹੋਈ ਤੇ ਨਾਂ ਹੀ ਉਸ ਪਾਸ ਇਸ ਦਾ ਦਾਰੂ ਸੀ। ਅਗੰਮੀ ਰੋਗਾਂ ਦੀਆਂ ਅਗੰਮੀ ਦਵਾਈਆਂ। ਰੋਗ ਦਾਰੂ ਦੋਹਾਂ ਦੀ ਗੰਮਤਾ ਦਾ ਕਾਲ ਪੈ ਰਿਹਾ ਸੀ ਕਿ ਅਗੰਮ ਤੋਂ ਰੋਗ ਦਾਰੂ ਦੋਹਾਂ ਦੀ ਗੰਮਤਾ ਵਾਲੇ ਸਚੇ ਸੁਜਾਨ ਵੈਦ ਗੁਰੂ ਨਾਨਕ ਦੇਵ ਜੀ ਉਤਰੇ ਅਤੇ ਉਤਰਨ ਸਾਰ ਹੀ ਪਹਿਲਾਂ ਉਸ ਸਚੇ ਵੈਦ ਨੇ ਰੋਗੀਆਂ ਨੂੰ; ਰੋਗ ਆਰਤ ਰੋਗੀਆਂ ਨੂੰ ਉਨ੍ਹਾਂ ਦਾ ਰੋਗ ਅਨਭਵ ਕਰਾਇਆ, ਫੇਰ ਰੋਗ ਦੇ ਇਲਾਜ ਦੀ ਲੋੜ ਪਰਤੀਤ ਕਰਾਈ। ਰੋਗ ਦੇ ਖੁਦ ਜਾਣੂ ਪਛਾਣੂ ਅਤੇ ਪਾਰਖੂ ਹੋ ਕੇ ਤਾਂ ਉਹ ਖੁਦ ਧੁਰ ਦਰਗਾਹੋਂ ਹੀ ਆਏ ਸਨ। ਆਉਂਦੇ ਸਾਰ ਹੀ ਸਤਿਗੁਰੂ ਨਾਨਕ ਦੇਵ ਜੀ ਸਚੇ ਵੈਦ ਗੁਰੂ ਨੇ ਰੋਗੀ ਸੰਸਾਰ ਪ੍ਰਤੀ ਡੰਕੇ ਦੀ ਚੋਟ ਨਾਲ ਰੋਗ, ਦਾਰੂ ਦੋਹਾਂ ਦਾ ਢੰਢੋਰਾ ਦਿਤਾ ਅਤੇ ਇਸ ਬਿਧ ਦਿਤਾ। ਯਥਾ: ਗੁਰਵਾਕ—

ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥ ੧ ॥
ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ ॥ ਹਉਮੈ ਰੋਗੀ ਜਗਤੁ ਉਪਾਇਆ
ਬਿਨੁ ਸਬਦੈ ਰੋਗੁ ਨ ਜਾਈ ॥ ੧ ॥ ਰਹਾਉ ॥ ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ
ਬਿਨੁ ਸਬਦੈ ਸੁਰਤਿ ਨ ਪਾਈ ॥ ਤ੍ਰੈਗੁਣ ਸਭੇ ਰੋਗਿ ਵਿਆਪੇ
ਮਮਤਾ ਸੁਰਤਿ ਗਵਾਈ ॥ ੨ ॥ ਇਕਿ ਆਪੇ ਕਾਢਿ ਲਏ ਪ੍ਰਭਿ
ਆਪੇ ਗੁਰ ਸੇਵਾ ਪ੍ਰਭਿ ਲਾਇ ॥ ਹਰਿ ਕਾ ਨਾਮੁ ਨਿਧਾਨੋ ਪਾਇਆ
ਸੁਖੁ ਵਸਿਆ ਮਨਿ ਆਇ ॥ ੩ ॥ (ਭੈਰਉ ਮ: ੩) ਤਥਾ ਇਸ ਬਿਧ ਇਸ ਰੋਗ ਦੀ ਅਤੇ ਰੋਗ ਨਵਿਰਤੀ ਦੀ ਦੋਹੀ ਫੇਰੀ :—

ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥



www.AKJ.Org

ਹਰਿ ਜੀਉ ਸਤਿ ਸੰਗਤਿ ਮੇਲਾਇ ॥ ਨਾਨਕ ਤਿਸ ਨੋ ਦੇਹਿ ਵਡਿਆਈ
ਜੋ ਰਾਮਿ ਨਾਮਿ ਚਿਤੁ ਲਾਇ ॥ ੧ ਰਹਾਉ ॥ ਮਮਤਾ ਕਾਲਿ ਸਭਿ ਰੋਗ ਵਿਆਪੇ
ਤਿਨ ਜਮ ਕੀ ਹੈ ਸਿਰਿ ਕਾਰਾ ॥ ਗੁਰਮੁਖਿ ਪ੍ਰਾਣੀ ਜਮ ਨੇੜਿ ਨ ਆਵੈ
ਜਿਨਿ ਹਰਿ ਰਾਖਿਆ ਉਰਧਾਰਾ ॥ ੨ ॥ ਜਿਨ ਹਰਿਕਾ ਨਾਮੁ ਨ ਗੁਰਮੁਖਿ ਜਾਤਾ
ਸੇ ਜਗ ਮਹਿ ਕਾਹੇ ਆਇਆ ॥ ਗੁਰ ਕੀ ਸੇਵ ਕਦੇ ਨ ਕੀਨੀ
ਬਿਰਥਾ ਜਨਮੁ ਗਵਾਇਆ ॥ ੩ ॥ ਨਾਨਕ ਸੇ ਪੂਰੇ ਵਡਭਾਗੀ
ਸਤਿਗੁਰ ਸੇਵਾ ਲਾਏ ॥ ਜੋ ਇਛਹਿ ਸੋਈ ਫਲੁ ਪਾਵਹਿ
ਗੁਰਬਾਣੀ ਸੁਖੁ ਪਾਏ ॥ ੪ ॥

ਪੁਨਾ— "ਗੁਰਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਮੰਨਿ ਵਸਾਏ ॥"
"ਬਾਝੁ ਗੁਰੂ ਜਗਤੁ ਬਉਰਾਨਾ ਭੂਲਾ ਚੋਟਾਂ ਖਾਈ ॥"
ਮਰਿ ਮਰਿ ਜੰਮੈ ਸਦਾ ਸੁਖੁ ਪਾਏ ਦਰ ਕੀ ਖਬਰਿ ਨਾ ਪਾਈ"

"ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੂ ਜੋਗੀ ॥" ਹੋਤ ਰੋਗ ਕਾ ਸਗਲ ਸੰਸਾਰਾ ॥
ਤ੍ਰਿਬਿਧ ਰੋਗ ਮਹਿ ਬਧੇ ਬਿਕਾਰਾ ॥ ਰੋਗੇ ਮਰਤਾ ਰੋਗੇ ਜਨਮੇ ਰੋਗੇ ਫਿਰ ਫਿਰ ਜੋਨੀ ਭਰਮੈ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨ ਸਤਿਗੁਰ ਰੋਗ ਕਤਹਿ ਨ ਜਾਵੈ ॥
ਪਾਰਬ੍ਰਹਮਿ ਜਿਸ ਕੀਨੀ ਮਇਆ ॥ ਬਾਂਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧ ਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥"

ਇਸ ਪ੍ਰਕਾਰ ਸਤਿਗੁਰ ਨਾਨਕ ਸਚੇ ਵੈਦ ਨੇ ਰੋਗੁ ਅਤੇ ਦਾਰੂ ਦੋਹਾਂ ਦਾ ਹੋਕਾ ਫਰਿਆ । ਇਕ ਵਾਰ ਨਹੀਂ ਦੋ ਦਹਿ ਵਾਰ ਨਹੀਂ, ਅਨੇਕ ਵਾਰ ਅਣ-ਗਿਣਤ ਵਾਰ ਰੋਗ ਅਤੇ ਰੋਗ ਦੇ ਦਾਰੂ ਨੂੰ ਅਸਾਂ ਪ੍ਰਤੀ ਨਿਸਚਿਤ ਕਰਾਇਆ ਅਤੇ ਗੁਰਬਾਣੀ ਦੀ ਤੁਕਤੁਕ ਅੰਦਰ ਨਾਮ ਦਾਰੂ ਨੂੰ ਦ੍ਰਿੜ੍ਹਾਇਆ, ਪਰ ਅਸਾਂ ਕਲਜੁਗੀ ਅਭਾਗੇ ਜੀਵਾਂ ਨੂੰ ਨਾ ਆਪਣਾ ਰੋਗ ਪਰਤੀਤ ਹੋਇਆ ਅਤੇ ਨਾ ਹੀ ਨਾਮ ਦਾਰੂ ਉਤੇ ਨਿਸਚਾ ਆਇਆ । ਜ਼ਿਨ੍ਹਾਂ ਵਡਭਾਗੀ ਜਨਾਂ ਦਾ ਨਿਸਚਾ ਨਾਮ ਉਤੇ ਆ ਗਿਆ, ਤਿਨ੍ਹਾਂ ਦੇ ਬੇੜੇ ਪਾਰ ਹੋ ਗਏ, ਤਿਨ੍ਹਾਂ ਦੇ ਉਧਾਰ ਹੋ ਗਏ ਅਤੇ ਤਿਨ੍ਹਾਂ ਦੇ ਜਨਮ ਜਨਮ ਦੇ ਰੋਗ ਕੱਟੇ ਗਏ । ਸਤਿਗੁਰ ਨਾਨਕ ਦੇਵ ਜੀ ਮਹਾਰਾਜ ਉਤੇ ਸੱਚੇ ਵੈਦ ਗੁਰੂ ਵਾਲੀ ਸ਼ਰਧਾ ਤਿਨ੍ਹਾਂ ਦੀ ਹੀ ਆਈ, ਜ਼ਿਨ੍ਹਾਂ ਨੇ ਸਤਿਗੁਰ ਦੇ ਹੁਕਮ ਨੂੰ ਸਤਿ ਕਰਕੇ ਜਾਤਾ ਅਤੇ ਨਾਮ ਦਾਰੂ ਨੂੰ ਦ੍ਰਿੜੁ ਸੰਞਾਤਾ । ਅਸਲ ਗਲ ਇਹ ਹੈ ਕਿ ਅਸਾਂ ਨਾਮ ਧਰੀਕ ਸਿਖਾਂ ਨੂੰ ਨਾਮ ਵਾਲੀ ਗਲ ਪੋਂਹਦੀ ਹੀ ਨਹੀਂ ਨਾਮ ਵਾਲੀ ਗਲ ਇਕੋ ਲੇਖੇ ਵਾਲੀ ਗਲ ਉਤੇ ਸ਼ਰਧਾ ਭਾਵਨੀ ਹੀ ਨਹੀਂ ਆਉਂਦੀ । ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਗਰ ਬਾਣੀ ਏਸੇ ਲੇਖੇ ਵਾਲੀ ਸੱਚੇ ਲੇਖੇ ਵਾਲੀ ਗਲ ਨੂੰ ਦ੍ਰਿੜ੍ਹਾਉਂਦੀ ਹੈ । ਸਾਰੀ



www.AKJ.Org

ਗੁਰਬਾਣੀ ਦਾ ਤਤ ਸਾਰ ਨਾਮ ਵਾਲੀ ਇਕੋ ਗਲ ਨੂੰ ਦ੍ਰਿੜ੍ਹਾਵਣਾ ਹੈ, ਪਰ ਅਸੀਂ ਬਾਣੀ ਦਾ ਪਾਠ ਕਰਦੇ ਹੀ ਨਹੀਂ, ਕਰਦੇ ਹਾਂ ਤਾਂ ਉਪਰ ਦੀ ਲੰਘ ਜਾਂਦੇ ਹਾਂ । ਜੇ ਕਿਤੇ ਅਟਕਦੇ ਹਾਂ ਤਾਂ ਆਪੋ ਆਪਣੀਆਂ ਮਨ ਦੀਆਂ ਮਤਾਂ ਅਤੇ ਫੋਕਟ ਸਿਆਣਫਾਂ ਨਾਲ ਗੁਰਬਾਣੀ ਨੂੰ ਵੀਚਾਰਦੇ ਹਾਂ । ਸਹਿਸ ਸਿਆਣਫੀ ਵਿਚਾਰ ਅਲਪੱਗ ਵਿਚਾਰ ਦੁਆਰਾ ਗੁਰਬਾਣੀ, ਧੁਰ ਕੀ ਬਾਣੀ, ਧੁਰ ਤੋਂ ਆਏ ਅਤੇ ਧੁਰ ਪਹੁੰਚੇ ਹੋਏ ਸਰਬਗ ਗੁਰੂ ਸਾਹਿਬਾਨ ਦੀ ਬਾਣੀ ਨਹੀਂ ਵਿਚਾਰੀ ਜਾ ਸਕਦੀ । ਸਗੋਂ ਏਹਨਾਂ ਮਨੋ ਮਨੀ ਅਲਪੱਗ ਵਿਚਾਰਾਂ ਨਾਲ ਗੁਰਬਾਣੀ ਦੇ ਤੱਤ ਆਸ਼ੇ ਤੋਂ ਐਨ ਉਲਟ ਭਾਤਪਰਜ ਨਿਕਲੇ ਹਨ । ਗੁਰਬਾਣੀ ਕਹਿੰਦੀ ਹੈ, ਨਾਮ ਜਪੋ, ਅਲਪੱਗ ਵਿਚਾਰ ਵਾਲੀ ਮਤਿ ਨਾਮ ਜਪਣ ਦੇ ਮਾਅਨੇ ਹੀ ਉਲਟੇ ਲੈਂਦੀ ਹੈ । ਚਤਰ ਬੁਧੀ ਆਖਦੀ ਹੈ ਕਿ ਬਾਰੰਬਾਰ ਇਕੋ ਲਫਜ਼ ਨੂੰ ਦੁਹਰਾਹੀ ਜਾਣਾ ਕਮਲਿਆਂ ਵਾਲੀ ਕਾਰ ਹੈ । ਹਾਂ ਜੀ ਅਜੇਹੀਆਂ ਬੁਧ ਮਤਾਂ ਜਦੋਂ ਗੁਰੂ ਸਾਹਿਬ ਦੇ ਅਜੇਹੇ ਵਾਕਾਂ ਵਿਚ

"ਬਾਰੰਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤ ਇਹੁ ਮਨੁ ਤਨੁ ਧ੍ਰਪੀਐ ॥"

ਦੂਜੀ ਕਮਾਈ ਨੂੰ ਕਮਲਿਆਂ ਵਾਲੀ ਕਾਰ ਸਮਝਦੀਆਂਹਨ । ਇਸ ਦੇ ਦੂਜੇ ਅਰਥ ਏਹ ਹਨ ਕਿ ਓਹ ਅਜੇਹੇ ਵਾਕ ਉਚਾਰਨ ਹਾਰੇ ਗੁਰੂ ਸਾਹਿਬ ਨੂੰ ਕਮਲੇ ਸਮਝਦੇ ਹਨ । ਅਸੀਂ ਨਾਮ ਧਰੀਕ ਸਿਖ ਕਈ ਵਾਰ ਅਨਮਤੀਆਂ ਉਤੇ ਇਹ ਗਿਲਾ ਕਰਿਆ ਕਰਦੇ ਹਾਂ ਕਿ ਮਨਮਤੀ ਅਤੇ ਆਮ ਸੰਸਾਰੀ ਲੋਗ ਗੁਰੂ ਨਾਨਕ ਸਾਹਿਬ ਨੂੰ ਕੁਰਾਹਿਆ ਕਹਿਣ ਦੀ ਕੁਮੱਤਿ ਪਾਮਰਤਾ ਕਰਦੇ ਹਨ । ਕਿਉਂ ਜੀ, ਸਿਖ ਹੋ ਕੇ ਗੁਰੂ ਸਾਹਿਬ ਨੂੰ ਕਮਲਾ ਸਮਝਣ ਵਾਲੀ ਕੁਮੱਤ ਕਿੰਨੀ ਕੁ ਪਾਮਰਤਾ ਪੂਰਤ ਹੈ ? ਕੀ ਅਨਮਤੀਆਂ ਦੀ ਕੁਮੱਤ ਤੋਂ ਕੁਛ ਘਟ ਨਿੰਦਣ ਯੋਗ ਇਹ ਸਾਡੀ ਕੁਮੱਤ ਹੈ, ਕਿ ਗੁਰੂ ਸਾਹਿਬ ਤਾਂ ਬਾਰੰਬਾਰ ਏਹੀ ਉਪਦੇਸ਼ ਦ੍ਰਿੜ੍ਹਾਉਣ ਕਿ 'ਨਾਮ ਜਪੋ, ਨਾਮ ਜਪੋ" ਅਤੇ ਅਸੀਂ ਉਨ੍ਹਾਂ ਦੇ ਸਿਖ ਸਦਾ ਕੇ ਗੁਰੂ ਸਾਹਿਬ ਦੇ ਇਸ ਉਪਦੇਸ਼ ਨੂੰ ਟਿੱਚ ਕਰਕੇ ਜਾਣੀਏ ਅਤੇ ਇਸ ਸਿੱਧੇ ਪੱਧਰੇ ਸਪਸ਼ਟ ਗੁਰ ਹੁਕਮ ਉਤੇ ਆਪਣੀ ਮਨ ਦੀ ਮੱਤ ਦੇ ਹਾਸ਼ੀਏ ਚਾੜ੍ਹੀਏ ਅਤੇ ਹਾਸ਼ੀਏ ਚਾੜ੍ਹ ਚਾੜ੍ਹ ਆਖੀਏ- ਬੱਕਰੀ ਵਾਂਗ ਮੂੰਹ ਮਾਰਨ ਦਾ ਕੀ ਫਾਇਦਾ ।

ਪਾਠਕ ਜਨ ਜੀ ? ਮਾਫ ਰਖਣਾ, ਅਸਾਂ ਕਈ ਅਖਾਉਤੀ ਗਿਆਨੀ ਇਹ ਕਹਿੰਦੇ ਸੁਣੇ ਹਨ ਕਿ-'ਨਾਮ ਜਪਣਾ' ਬੱਕਰੀ ਵਾਂਗ ਮੂੰਹ ਮਾਰਨਾ ਹੈ । ਤੁਸੀਂ ਭੀ ਕਈ ਟੀਕੇ ਏਸ ਭਾਵ ਦੇ ਦੇਖੇ ਪੜ੍ਹੇ ਹੋਣਗੇ । ਉਹ ਆਂਹਦੇ ਨੇ ਬਾਣੀ ਨੂੰ ਵਿਚਾਰੋ, ਬਸ, ਇਕ ਵਾਰ ਵਿਚਾਰ ਅਤੇ ਵਿਚਾਰ ਕੇ ਅਮਲ ਕਰੋ । ਬਾਰੰਬਾਰ ਬਾਣੀ ਨੂੰ ਪੜ੍ਹਨ ਦੀ ਕੀ ਲੋੜ ਹੈ ਅਤੇ ਨਾਮ ਰਟਣ ਦਾ ਕੀ ਫਾਇਦਾਂ ਹੈ ? ਹਾਂ, ਬਾਣੀ ਨੂੰ ਵਿਚਾਰ ਕੇ ਸਤਿਗੁਰ ਬਚਨਾਂ ਨੂੰ ਵਿਚਾਰ ਕੇ ਤਿਨਾਂ ਬਚਨਾ ਤੇ ਅਮਲ ਕਰਨ ਵਾਲੀ ਗਲ ਅਜਿਹੇ ਗਿਆਨੀ ਫਿਲਾਸਫਰਾਂ ਦੀ ਠੀਕ ਹੈ, ਪਰ ਕੀ ਓਹ ਨਹੀ ਜਾਣਦੇ ? ਕਿ ਗੁਰਬਾਣੀ ਦਾ ਸੱਚਾ ਵਿਚਾਰ ਅਤੇ ਗੁਰ ਬਚਨਾਂ ਉਤੇ ਅਮਲ ਕਰਨਾ ਕੀਹ ਹੈ ? ਲਓ. ਸਤਿਗੁਰੂ ਜੀ ਆਪ ਹੀ ਦਸਦੇ ਹਨ, ਗੁਰਬਾਣੀ ਆਪ ਹੀ ਦੱਸਦੀ ਹੈ :-

"ਸਤਿਗੁਰ ਬਚਨ ਕਮਾਵਣੇ ਸਚਾ ਇਹੁ ਵੀਚਾਰੁ ॥"

ਭਾਵ ਸਤਿਗੁਰ ਬਚਨਾਂ ਦਾ ਕਮਾਵਣਾ ਹੀ ਸੱਚਾ ਵੀਚਾਰ ਹੈ । ਸਤਿਗੁਰ ਬਚਨਾਂ ਦਾ ਕਮਾਵਣਾ ਕੀ ਹੈ ?



www.AKJ.Org

ਜੋ ਗੁਰਬਾਣੀ ਕਹਿੰਦੀ ਹੈ, ਹੁਕਮ ਦੇਂਦੀ ਹੈ, ਉਸ ਗਲ ਨੂੰ ਕਮਾਵਣਾ। ਉਸ ਉਤੇ ਅਮਲ ਕਰਨਾ, ਜੋ ਕੁਛ ਕਿ ਗੁਰਬਾਣੀ ਕਰਨ ਲਈ ਹੁਕਮ ਦੇਂਦੀ ਹੈ ਪਰ ਗੁਰਬਾਣੀ ਦਾ ਹੁਕਮ ਕੀ ਹੈ? ਗੁਰਬਾਣੀ ਦਾ ਤੱਤ ਫੁਰਮਾਨ ਕੀ ਹੈ? ਗੁਰਬਾਣੀ ਰੂਪੀ ਗੁਰ-ਬਚਨਾਂ ਦਾ ਤੱਤ ਸਾਰ ਕੀ ਹੈ? ਗੁਰਬਾਣੀ ਅਥਵਾ ਗੁਰਬਾਣੀ ਰੂਪੀ ਗੁਰੂ ਕੇ ਬਚਨਾਂ ਦਾ ਬਾਰੰਬਾਰ ਏਹੋ ਹੁਕਮ ਦ੍ਰਿੜਾਵਣਾ ਹੈ ਕਿ ਨਾਮ ਜਪੋ, ਨਾਮ ਜਪੋ। ਏਹ ਕੋਈ ਗੁੱਝੀ ਛਿਨੀ ਗਲ ਨਹੀਂ, ਸਿਧੇ ਪਧਰੇ ਆਮ ਫਹਿਮ ਪੰਜਾਬੀ ਦੇ ਅਖਰਾਂ ਵਿਚ ਗੁਰਬਾਣੀ ਏਹੋ ਕਹਿੰਦੀ ਹੈ, ਏਹੋ ਹੁਕਮ ਦੇਂਦੀ ਹੈ ਕਿ ਨਾਮ ਜਪੋ. ਸਆਸ ਸੁਆਸ ਨਾਮ ਜਪੋ, ਖਿਨ ਖਿਨ ਨਾਮ ਜਪੋ। ਇਹ ਗੁਰਬਾਣੀ ਦਾ ਤੱਤ ਸਾਰ ਹੁਕਮ ਹੈ ਅਤੇ ਸਪਸ਼ਟ ਸਿਟੇ ਵਾਲਾ ਹੁਕਮ ਹੈ, ਇਸ ਵਿਚ ਵਿੰਗ ਵਲ ਕੁਛ ਨਹੀਂ। ਜਦ ਅਸੀਂ ਗੁਰਬਾਣੀ ਦਾ ਇਹ ਤੱਤ ਹੁਕਮ, ਹੁਕਮਾ ਸਿਰ ਹੁਕਮਾਂ ਸਿੱਟੇ ਦਾ ਤੱਤ ਆਦਰਸ਼ੀ ਹੁਕਮ ਨਹੀਂ ਮੰਨਦੇ ਤਾਂ ਅਸਾਡੀ ਹੋਰ ਵਿਚਾਰ ਕਿਸ ਲੇਖੇ। ਸੱਚਾ ਗਿਆਨ ਵਿਚਾਰੁ ਤਾਂ ਗੁਰਬਾਣੀ ਦੇ ਏਹਨਾਂ ਹੁਕਮਾ ਪਦਾਂ ਵਿਚ ਹੀ ਵਿਦਮਾਨ ਹੈ ਕਿ 'ਸਤਿਗੁਰ ਬਚਣ ਕਮਾਵਣੇ' ਰੂਪੀ ਗੁਰ ਹੁਕਮ ਨੂੰ ਮੰਨਣਾ ਗੁਰਸਿਖ ਦਾ ਪਰਮ ਧਰਮ ਹੈ। ਜੇਕਰ ਅਸੀਂ ਏਸ ਹੁਕਮ ਨੂੰ ਮੰਨਦੇ ਹਾਂ ਤਾਂ ਅਸੀਂ ਇਸ ਹੁਕਮਾਂ ਸਿਰ ਹੁਕਮ, ਮੁਖ ਹੁਕਮ ਉਪਰ ਅਮਲ ਕਰਦੇ ਹਾਂ, ਤਾਂ ਅਸਾਡਾ ਐਸਾ ਕਰਨਾ ਸੱਚਾ ਵੀਚਾਰ ਹੈ। ਗੁਰ ਹੁਕਮਾਂ ਨੂੰ ਕਮਾਵਣਾਂ ਹੀ ਸੱਚਾ ਗਿਆਨ ਵੀਚਾਰ ਹੈ। ਹੋਰ ਗਿਆਨ ਅਤੇ ਸੁਸ਼ਕ ਵੀਚਾਰ ਗੁਰ ਸਿਖਾਂ ਦੇ ਕਿਸੇ ਕੰਮ ਨਹੀਂ। ਬੱਸ, ਜੋ ਗੁਰਬਾਣੀ ਕਹਿੰਦੀ ਹੈ ਅਤੇ ਕਹੀ ਜਾਂਦੀ ਹੈ ਜਾਂ ਬਾਰੰਬਾਰ ਹੁਕਮ ਦੇਈ ਜਾਂਦੀ ਹੈ, ਉਸ ਉਤੇ ਅਮਲ ਕਰਨਾ, ਉਸ ਨੂੰ ਕਮਾਵਣਾ ਹੀ ਸੱਚਾ ਗੁਰਮਤਿ ਗਿਆਨ ਵਿਚਾਰ ਹੈ। ਤਦੇ ਤਾਂ ਗੁਰੂ ਸਾਹਿਬ ਗੁਰਸਿਖਾਂ ਪ੍ਰਤੀ ਸੱਚਾ ਗਿਆਨ ਦ੍ਰਿੜਾਵਣ ਹਿਤ ਇਸ ਪ੍ਰਕਾਰ ਹੁਕਮ ਦੇਂਦੇ ਹਨ :- ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥" ਗੁਰਮਤਿ ਪ੍ਰਤੀ ਏਹੋ ਤੱਤ ਹੁਕਮੁ ਹੈ ਗੁਰੂ ਸਾਹਿਬ ਦਾ ਕਿ :-"ਹਰਿ ਬੋਲਹੁ ਦਿਨੁ ਰਾਤਿ ॥" ਗਿਆਨੀਆਂ ਨੂੰ ਸਨਮੁਖ ਸੰਬੋਧਨ ਕਰਕੇ ਗੁਰੂ ਸਾਹਿਬ ਬਚਨ ਰੂਪ ਗੁਰ ਹੁਕਮ ਉਚਾਰਦੇ ਹਨ :-

"ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥"

ਅਰਥਾਤ ਦਿਨ ਰਾਤ ਸੁਆਸ ਸੁਆਸ ਨਾਮ ਜਪੋ। ਇਸ ਹੁਕਮ ਦੇ ਮੰਨਣ ਕਰਿ ਹੀ ਗੁਰਮਤਿ ਅੰਦਰ ਕੋਈ ਪ੍ਰਾਣੀ ਗਿਆਨੀ ਕਹਾ ਸਕਦਾ ਹੈ, ਐਵੇਂ ਨਹੀਂ। ਸੁਸ਼ਕ ਵਿਚਾਰ-ਗਿਆਨੀ ਫਿਲਾਸਫਰ ਗੁਰੂ ਸਾਹਿਬ ਦੇ ਮੁਕਾਬਲੇ ਤੇ ਏਸ ਗਲ ਦੇ ਕਹਿਣ ਦਾ ਕੀ ਦਮ ਮਾਰ ਸਕਦੇ ਹਨ ਕਿ ਬਾਰੰਬਾਰ ਨਾਮ ਜਪਣਾ ਬੇ-ਅਰਥ ਅਤੇ ਬੇ-ਫਾਇਦਾ ਹੈ। ਦੇਖੋ ਗੁਰੂ ਸਾਹਿਬ ਕੈਸਾ ਸਪਸ਼ਟ ਹੁਕਮ ਦੇਂਦੇ ਹਨ।

ਯਥਾ ਗੁਰਵਾਕ—

"ਹਰਿ ਸਿਮਰਤ ਸਭਿ ਮਿਟਹਿ ਕਲੇਸ । ਚਰਨ ਕਮਲ ਮਨ ਮਹਿ ਪਰਵੇਸ ॥੧॥
ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥"

ਤਥਾ— "ਬਾਰੰਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥"

ਪੁਨਾ— 'ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ। ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥"

ਪੁਨਾ:- 'ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ। ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ।
'ਮਨ ਮੇਰੇ ਸੁਖ ਸਹਜੁ ਸੇਤੀ ਜਪਿ ਨਾਉ ॥ ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਬਿੰਦ ਨਿਤ ਗਾਉ ॥" ੧ ॥ ਰਹਾਉ ॥
'ਗੁਣ ਨਿਧਾਨੁ ਨਵਤਨ ਸਦਾ ਪੂਰਨ ਜਾ ਕੀ ਦਾਤਿ।
ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀਂ ਰਾਤਿ ॥"



www.AKJ.Org

ਹਰਿ ਜਪੀਐ ਆਰਾਧੀਐ ਆਠ ਪਹਰ ਗੋਵਿੰਦੁ ॥
ਜੀਅ ਪ੍ਰਾਨ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦ ॥
ਨਾਨਕ ਸਗਲੇ ਦੋਖ ਉਤਾਰਿਅਨ ਪ੍ਰਭੁ ਪਾਰਬ੍ਰਹਮੁ ਬਖਸਿੰਦ ॥
"ਗਗਾ ਗੋਬਿਦੁ ਗੁਣ ਰਵਹੁ ਸਾਸਿ ਸਾਸਿ ਜਪਿ ਨੀਤਿ ॥
ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ ॥"
"ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮ ॥
ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ ॥"
'ਜਾਕੈ ਸਿਮਰਨਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ॥
ਸਾਸਿ ਗਿਰਾਸ ਜਪਹੁ ਜਪੁ ਰਸਨਾ ਨੀਤਿ ਨੀਤਿ ਗੁਣ ਗਾਈਐ ॥"

ਉਦਾਹਰਨ ਮਾਤਰ ਏਤਨੇ ਹੀ ਗੁਰ ਪਰਮਾਣ ਬਥੇਰੇ ਹਨ, ਨਹੀਂ ਤਾਂ ਅਜੇਹੇ ਗੁਰਪ੍ਰਮਾਣਾਂ ਨਾਲ ਸਾਰੀ ਹੀ ਗੁਰਬਾਣੀ ਪੂਰਤ ਹੈ, ਜਿਨ੍ਹਾਂ ਤੋਂ ਕਿ ਬਾਰੰਬਾਰ ਖਿਨ ਖਿਨ ਪਲ ਪਲ ਸੁਆਸ ਸੁਆਸ ਨਾਮ ਜਪਣ ਦਾ ਤਾਗੀਦੀ ਹੁਕਮ ਤੱਤ ਹੁਕਮ ਸਪਸ਼ਟ ਸਿਧ ਹੁੰਦਾ ਹੈ ਸੋ ਗੁਰਮਤਿ ਦਾ ਤਤ ਗਿਆਨ ਅਤੇ ਸਤਿ ਵਿਚਾਰ ਨਾਮ ਜਪਣ ਬਾਰੰਬਾਰ ਨਾਮ ਜਪਣ ਦਾ ਗੁਰ ਹੁਕਮ ਕਮਾਵਣਾ ਹੈ "ਗੁਰ ਪ੍ਰਸਾਦਿ ਨਾਨਕ ਵਖਾਣੇ ਹਰਿ ਭਜਨ ਤਤੁ ਗਿਆਨੁ" ਵਾਲਾ ਗੁਰਵਾਕ ਸਪਸ਼ਟ ਨਿਰਣੈ ਕਰਾਉਂਦਾ ਹੈ ਕਿ ਹਰਿ ਭਜਨ ਹੀ ਗੁਰਮਤਿ ਅੰਦਰ ਤੱਤ ਗਿਆਨ ਕਰਕੇ ਮੰਨਿਆ ਗਿਆ ਹੈ। ਇਸ਼ ਤੋਂ ਕਉਣ ਮੁਨਕਰ ਹੋ ਸਕਦਾ ਹੈ, ਜੋ ਗੁਰੂ ਕਾ ਸਿਖ ਨਹੀਂ, ਗੁਰੂ ਕਾ ਹੁਕਮੀ ਬੰਦਾ ਸਿਖ ਨਹੀਂ। ਗੁਰੂ ਕਾ ਸਿਖ ਹੈ ਹੀ ਸ, ਜੋ ਗੁਰੂ ਕੇ ਭਾਣੇ ਵਿਚ ਆਵੇ, ਗੁਰੂ ਕਾ ਭਾਣਾ ਸੋ ਹੈ. ਜੋ ਗੁਰੂ ਨੂੰ ਭਾਵੇ, ਗੁਰੂ ਨੂੰ ਏਹੋ ਭਾਵੰਦਾ ਹੈ ਕਿ ਗੁਰੂ ਕਾ ਸਿਖ 'ਨਾਮ ਜਪਣ ਰੂਪੀ' ਗੁਰੂ ਕਾ ਮੁਖ ਹੁਕਮ ਕਮਾਵੈ। ਤਾਂ ਤੇ ਗੁਰੂ ਕਾ ਹੁਕਮ ਹੀ ਗੁਰੂ ਕਾ ਭਾਣਾ ਹੈ, ਤਾਂ ਹੀ ਤੇ ਗੁਰਵਾਕ ਹੈ "ਸੋ ਸਿਖ ਸਖਾ ਬੰਧਪੁ ਹੈ ਭਾਈ ਜ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ" ॥ ਸੋ ਗੁਰੂ ਕਾ ਭਾਣਾ ਹੁਕਮ ਤੱਤ ਹੁਕਮ ਹੁਕਮਾਂ ਸਿਰ ਹੁਕਮ ਤਾਂ ਨਾਮ ਜਪਣਾ ਹੈ। ਏਸ ਹੁਕਮ ਤੋਂ ਉਲਟ ਜੋ ਆਪਣੇ ਭਾਣ ਆਪਣੇ ਮਨ ਦੀ ਮਤ ਦੇ ਮਗਰ ਲਗ ਕੇ ਚਲਦੇ ਹਨ। ਸੋ ਮਨਮੁਖ ਹਨ, ਗੁਰੂ ਦੇ ਹੁਕਮ ਤੋਂ ਬੇਮੁਖ ਹਨ। ਉਹਨਾਂ ਦੇ ਸਿਰ ਉਪਰ "ਵਿਛੁੜਿ ਚੋਟਾਂ" ਖਾਣ ਵਾਲਾ ਡੰਡ ਕਰਾਰਾ ਹੈ। ਜੋ ਗੁਰੂ ਕੇ ਹੁਕਮੀ ਬੰਦੇ ਗੁਰਮੁਖ ਸਿਖ ਸਜਨ ਹਨ ਸੋ ਆਪਣੇ ਮਨ ਦੀ ਮਤ ਤਿਆਗਕੇ ਗੁਰੂ ਕੇ ਭਾਣੇ ਅੰਦਰ ਆਉਂਦੇ ਹਨ। ਅਰਥਾਤ ਗੁਰੂ ਕਾ ਹੁਕਮ ਕਮਾਉਂਦੇ ਹਨ, ਗੁਰ ਕੀ ਕਾਰ ਕਮਾਉਂਦੇ ਹਨ, ਗੁਰੂ ਕੀ ਕਾਰ, ਗੁਰੂ ਕਾ ਭਾਣਾ, ਦੇਖੋ ਇਸ ਗੁਰ ਹੁਕਮ ਰੂਪੀ ਗੁਰਵਾਕ ਵਿਚ ਕੈਸਾ ਸਪਸ਼ਟ ਹੈ। ਯਥਾ ਗੁਰਵਾਕ-

"ਮਨ ਰੇ ਗੁਰ ਕੀ ਕਾਰ ਕਮਾਇ ॥ ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨ ਰਾਚਹਿ ਹਰਿ ਨਾਇ ॥" ਤਾਂਤੇ ਅਨਦਿਨੁ ਨਾਮ ਵਿਚ ਰਚੇ ਰਹਿਣਾ ਭਾਵ ਦਿਨ ਰਾਤ ਸਾਸ ਗਿਰਾਸ, ਨਿਮਖ ਨਿਮਖ ਵਿਚ ਨਾਮ ਜਪਣ ਵਾਲੀ ਕਾਰ ਵਿਚ ਲਗੇ ਰਹਿਣਾ ਏਹੋ ਗੁਰੂ ਕੇ ਭਾਣੇ ਵਿਚ ਚਲਣਾ ਅਤੇ ਗੁਰੂ ਕਾ ਸਚਾ ਹੁਕਮ ਮੰਨਣਾ ਹੈ। ਗੁਰਮਤਿ ਗਿਆਨੀ ਦੀ ਗੁਰਮਤਿ ਤਾਅਰੀਫ ਕੀ ਹੈ : ਯਥਾ ਗੁਰਵਾਕ ;—



www.AKJ.Org

" ਸੋਈ ਗਿਆਨੀ ਜਿ ਸਿਮਰੈ ਏਕ ।
ਸੋ ਧਨਵੰਤਾ ਜਿਸ ਬੁਧਿ ਬਿਬੇਕ । "

ਸਚੀ ਗੁਰਮਤਿ ਬੁਧਿ ਬਿਬੇਕ ਸਚਾ ਗੁਰਮਤਿ ਗਿਆਨ ਹਰੀ ਨਾਮ ਸਿਮਰਨ ਰੂਪੀ ਸਚਾਧਨ ਸਿੰਚਨ ਕਰਨਾ ਹੀ ਹੈ। ਇਸ ਤੇ ਭਿੰਨ ਜੋ ਸੁੰਝ ਗਿਆਨ ਅਤੇ ਚੁੰਚ ਫਿਲਾਸਫੀਆਂ ਹਨ ਤਿਨਾਂ ਦਾ ਗੁਰਮਤਿ ਅੰਦਰ ਵਿਧਾਨ ਨਹੀਂ। ਨਾਮ ਰੂਪੀ ਸਚੇ ਨਿਧਾਨ (ਖਜ਼ਾਨੇ) ਨੂੰ ਸਿੰਚਨ ਕਰਾਉਣ ਹਾਰੀ ਅਤੇ ਦ੍ਰਿੜਾਉਣ ਹਾਰੀ ਗੁਰਮਤਿ ਮਤ ਹੀ ਗੁਰਮਤਿ ਫਿਲਾਸਫੀ ਹੈ। ਨਾਮ ਤੇ ਬੇਮੁਖ ਕਰਾਉਣ ਹਾਰੀ ਕਿਸ ਮੱਤਿ ਕੁਮਤਿ ਨੂੰ ਗੁਰਮਤਿ ਫਿਲਾਸਫੀ ਕਹਿਣਾ ਅਤੇ ਅਜੇਹੀ ਕੁਮੱਤਮਤੜੀਆਂ ਭਰੀ ਕਿਸੇ ਪੁਸਤਕ ਨੂੰ ਗੁਰਮਤਿ ਫਿਲਾਸਫੀ ਦਾ ਖਜ਼ਾਨਾ ਕਹਿਣਾ ਨਿਰੀ ਹਮਾਕਤ ਅਤੇ ਕੁਸਮਝ ਹੈ। ਜੋ ਕੁਮੱਤ ਮੱਤੜੀ ਗੁਰਮਤਿ ਨਾਮ ਤੋਂ ਮੁਨਹਰਫ ਕਰਾਵੇ ਤਿਸ ਕੁਮੱਤੜੀਆਂ ਭਰੀ ਪੁਸਤਕ ਨੂੰ ਪੜ੍ਹਨਾ ਸੁਣਨਾ ਗੁਰਮਤਿ ਤੋਂ ਗੁਮਰਾਹ ਹੋਣਾ ਹੈ। ਗੁਰਮਤਿ ਨਾਮ ਦੇ ਦ੍ਰਿੜ੍ਹਾਵਣ ਹਾਰੇ ਸੁਲੇਖ ਲੇਖਾਂ ਨੂੰ ਇਹ ਆਖਣਾ ਕਿ ਫੀ ਜ਼ਮਾਨਾ ਏਹਨਾਂ ਦੀ ਅਜ ਕਲ ਲੋੜ ਨਹੀਂ, ਮਹਾਂ ਅਗਿਆਨ ਭਰੀ ਕਜ ਫਹਿਮੀ ਹੈ। ਵੇਖਹੁ ਹੇਠ ਲਿਖਿਆ ਗੁਰ ਫੁਰਮਾਨ ਇਸ ਪ੍ਰਥਾਇ ਕੈਸਾ ਸਚ ਨਿਤਾਰਦਾ ਹੈ, ਯਥਾ ਗੁਰਵਾਕ :—

ਬਿਲਾਵਲ ਮ: ੩

"ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ
ਸਮਾਨਾ ॥ ਇਸੁ ਪਰਪੰਚ ਮਹਿ ਸਾਚੇ ਨਾਮ ਕੀ
ਵਡਿਆਈ ਮਤੁ ਕੋ ਧਰਹੁ ਗੁਮਾਨਾ ॥ ੧ ॥ ਸਤਿਗੁਰ
ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ।
ਅੰਤਰ ਰਵੈ ਹਰਿਨਾਮਾ ॥ ੧ ॥ ਰਹਾਉ ॥
ਚਹੁ ਜੁਗਾ ਕਾ ਹੁਣਿ ਨਬੇੜਾ ਨਰ ਮਨੁਖਾ ਨੋ
ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ
ਕਾ ਧਰਮੁ ਹੈ, ਕਲਿ ਮਹਿ ਕੀਰਤਿ ਹਰ-
ਨਾਮਾ ॥ ੨ ॥ ਜੁਗਿ ਜੁਗ ਆਪੋ ਆਪਣਾ
ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ
ਪੂਰੇ ਪਰਵਾਨਾ ॥ ੩ ॥ ਕਹਿਤ ਨਾਨਕ ਸਚੇ ਸਿਉ
ਪ੍ਰੀਤ ਲਾਏ ਚੂਕੈ ਮਨਿ ਅਭਿਮਾਨਾ ॥ ਕਹਤ ਸੁਣਤ
ਸਭ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥ ੪ ॥



www.AKJ.Org

ਦੇਖੋ ! ਇਸ ਗੁਰਵਾਕ ਨੇ ਕੈਸਾ ਸਚ ਨਿਆਉ ਨਿਬੇੜਾ ਕੀਤਾ ਹੈ। ਕਈ ਫਿਲਾਸਫਰ ਕਹਿੰਦੇ ਹਨ, ਫ਼ੀ ਜ਼ਮਾਨਾ ਨਾਮ ਦੀ ਲੋੜ ਨਹੀਂ, ਨਾਮ-ਮਹਿਮਾ ਪ੍ਰਗਟਾਉਟ ਦ੍ਰਿੜਾਉਣ ਦੀ ਲੋੜ ਨਹੀਂ। ਇਸ ਪਰਪੰਚ ਵਿਖੇ ਵਡਿਆਈ ਅਤੇ ਮਹਿਮਾ ਸਚੇ ਨਾਮ ਦੀ ਹੈ। ਐਸਾ ਫ਼ੁਰਮਾਨ ਸਤਿਗੁਰੂ ਸਾਹਿਬ ਹੀ ਫੁਰਮਾਉਂਦੇਹਨ ਸਤਿਗੁਰੂ ਦੇ ਇਸ ਫੁਰਮਾਨ ਦੇ ਅਗੇ ਨਾਮ ਤੇ ਉਲਟ ਬੋਹਤਾਨ ਕੀ ਹੈਸੀਅਤ ਹਕੀਕਤ ਰਖਦੇ ਹਨ, ਐਸਾ ਹੀ ਹੈ ਅਤੇ ਹੋਇ ਵਰਤਣਾ ਹੈ ਜੈਸਾ ਕਿ ਉਪਰ ਸਤਿਗੁਰੂ ਸਾਹਿਬ ਨੇ ਫੁਰਮਾਇਆ ਹੈ। ਇਸ ਤੋਂ ਉਲਟ "ਮਤ ਕੋ ਧਰਹੁ ਗੁਮਾਨਾ" ਕੋਈ ਕੂੜਾ ਗੁਮਾਨ ਮਤ ਕਰੇ। ਜਿਸ ਵਡਭਾਗੇ ਗੁਰਮੁਖ ਨੂੰ ਸਤਿਗੁਰੂ ਦੀ ਮੱਤ ਆਈ ਹੈ, ਉਹ ਸਤਿਗੁਰੂ ਦੀ ਰਜ਼ਾ ਵਿਚ ਸਮਾਇਆ ਜਾਣਾ ਆਪਣਾ ਸੁਭਾਗ ਸਮਝਦਾ ਹੈ। ਸਤਿਗੁਰੂ ਦੀ ਰਜ਼ਾਇ ਵਿਚ ਸਮਾਉਣਾ ਹੀ ਦਰ-ਹਕੀਕਤ ਸਤਿਗੁਰ ਮਾਂਹਿ ਸਮਾਉਣਾ ਹੈ। ਸਤਿਗੁਰੂ ਦੀ ਪਰਮ ਜੋਤ ਤੱਤ ਰਜ਼ਾ ਨਾਮ ਵਿਚ ਲੀਨ ਹੋਣਾ ਹੈ। ਤਾਂ ਤੇ ਨਾਮ ਵਿਖੇ ਲੀਨਤਾ ਹੀ ਸਤਿਗੁਰ ਮਾਂਹਿ ਜੋਤੀ ਜੋਤਿ ਸਮਾਉਣਾ ਹੈ ਅਤੇ ਜੀਉਂਦੇ ਜੀ ਹੀ ਸਮਾਇ ਜਾਣਾ ਅਤੇ ਸਰੀਰ ਤਿਆਗਿ ਕੇ ਭੀ ਸਮਾਇ ਰਹਿਣਾ ਹੈ। ਜਿਸ ਨੂੰ ਮਨ ਬਚ ਕ੍ਰਮ ਕਰਕੇ ਗੁਰਬਾਣੀ ਉਤੇ ਸਰਧਾ ਭਾਵਨੀ ਆਈ ਹੈ, ਤਿਸ ਦੇ ਕੇਵਲ ਤਿਸ ਦੇ ਅੰਤਿਰ ਹੀ ( ਰੋਮ ਰੋਮ ਵਿਖੇ ) ਗੁਰਮਤਿ ਨਾਮੁ ਰਮਿਆ ਹੈ, ਵਾਹ ਕੈਸਾ ਭਰਮ ਨਿਵਾਰਨੀ ਗੁਰਵਾਕ ਹੈ :— "ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ"। ਚਹੁ ਜੁਗਾਂ ਦਾ ਹੁਣੇ ਇਸ ਜੁਗ ਅੰਦਰਿ ਫ਼ੀ ਜ਼ਮਾਨਾ ਹੀ ਨਿਬੇੜਾ ਹੋਣਾ ਹੈ, ਕਿਉਂਕਿ ਏਸੇ ਜੁਗ ਜ਼ਮਾਨੇ ਅੰਦਰ ਹੀ ਸਾਰੇ ਜੁਗਾਂ ਦਾ ਨਿਬੜਾ ਕਰਨ ਲਈ, ਇਸ ਜੁਗ ਸਮੇਤ ਸਾਰੇ ਜੁਗਾਂ ਦਾ ਨਸਤਾਰਾ ਕਰਨ ਲਈ, ਗੁਰੂ ਸਤਿਗੁਰੂ ਸਚੇ ਵੇਦ ਗੁਰੂ ਗੁਰ ਨਾਨਕ ਸਾਹਿਬ ਦੇ ਦੁਆਰਿਉਂ ਨਰ ਮਨੁਖਾਂ ਨੂੰ ਇਕੋ ਨਿਧਾਨ ਨਾਮ ਰੂਪੀ ਸਚਾ ਨਿਧਾਨ ਮਿਲਿਆ ਹੈ। ਸੋ ਜਿਨ੍ਹਾਂ ਗੁਰਮੁਖਾਂ ਇਸ ਸਚੇ ਨਾਮ ਨਿਧਾਨ ਨੂੰ ਸੰਚਿਆ ਹੈ ( ਜਪਿਆ, ਧਿਆਇਆ ਹੈ ਨਾਮ ਨੂੰ ) ਸੋ ਜਗ ਵਿਖੇ ਇਸ ਸੰਸਾਰ ਅੰਦਰਿ ਸੇਈ ਗੁਰਮੁਖ ਜਨ ਹੀ ਪੂਰੇ ਉਤਰਦੇ ਹਨ, ਅਤੇ ਦਰ ਪਰਵਾਨ ਪਏ ਹਨ। ਤਾਂ ਤੇ ਗੁਰਮਤਿ ਨਾਮ ਸਚੇ ਨਾਮ ਨੂੰ ਕਹਿਣ ਸੁਨਣ ਅਤੇ ਕਮਾਉਣ ਹਾਰੇ ਸਭੇ ਹੀ ਸੁਖ ਧਾਮ ਨੂੰ ਪ੍ਰਾਪਤ ਹੋਣਗੇ ਅਤੇ ਸਚੇ ਨਿਧਾਨ ਦੇ ਧਨੀ ਬਣਨਗੇ। ਨਾਮ ਧਰੀਕ ਸਿਖਾਂ ਨੂੰ ਨਾਮ ਦ੍ਰਿੜ ਨਾ ਹੋਣ ਦਾ ਅਸਲ ਕਾਰਨ ਏਹ ਹੈ ਕਿ ਉਨ੍ਹਾਂ ਦੀ "ਇਹ ਬਾਣੀ ਜੋ ਜੀਅਹੁ ਜਾਣੈ" ਦੇ ਗੁਰਵਾਕ ਭਾਵ ਵਾਲੀ ਸਰਧਾ ਬਿਰਤੀ ਨਹੀਂ ਹੋਈ। ਜੇ ਹੋ ਜਾਵੇ ਅਤੇ ਅਜੇਹੀ ਸਰਧਾ ਭਾਵਨੀ ਆ ਜਾਵ ਤਾਂ ਉਨ੍ਹਾਂ ਦੇ ਰਿਦੰਤਰਿ ਨਾਮ ਜ਼ਰੂਰ ਦ੍ਰਿੜ ਹੋ ਜਾਵੇ ਅਤੇ ਉਹ ਤੱਤ ਪਰ ਹੋ ਕੇ ਨਾਮ ਨੂੰ ਜਪਣ ਲਗ ਜਾਣ। ਗਿਆਨ ਵਿਚਾਰ ਦੇ ਗੁਮਾਨੀ ਲੋਕ ਬਹੁਤੀਆਂ ਅਕਲਾਂ ਵਾਲੇ ਪੜ੍ਹਾਕੂ ਅਕਲੱਈਆਂ ਦੀ ਸਰਧਾ ਨਾਮ ਜਪਣ ਵਾਲੀ ਗਲ ਤੇ ਠਹਿਰਦੀ ਨਹੀਂ। ਓਹ ਨਾਮ ਜਪਣ ਨੂੰ ਇਕ ਕਮਲੀ ਜੇਹੀ ਅਤੇ ਫੋਕੀ ਅਤੇ ਸੌਖੀ ਸਧਾਰਣ ਗਲ ਸਮਝਦੇ ਹਨ, ਜੋ ਗਿਆਨ ਦੇ ਮਹੱਤ ਤੋਂ ਓਹਨਾਂ ਨੂੰ ਬਹੁਤ ਨੀਵੀਂ ਭਾਸਦੀ ਹੈ। ਏਸ ਕਰਕੇ ਓਹ ਇਕ ਦਮ ਟੀਸੀ ਦੀਆਂ ਗਲਾਂ ਸੋਚਣ ਚਿੰਤਵਣ ਲਗ ਪੈਂਦੇ ਹਨ ਅਤੇ ਨਾਮ ਨੂੰ ਗੌਰਵਤਾ ਸਮਝਦੇ



www.AKJ.Org

ਹਨ । ਸਾਧਾਰਨ ਨਾਮ ਜਪਣ ਨੂੰ ਓਹ ਇਕ ਹੋਲੀ ਹਲਕੀ ਜੇਹੀ ਗਲ ਸ਼ੁਮਾਰ ਕਰਦੇ ਹਨ । ਕਈ ਤਾਂ ਨਾਮ ਨੂੰ ਜਾਪ ਬਵਸਥਾ ਤੋਂ ਅਗਮ ਅਗੋਚਰ ਸਰਬ ਵਿਆਪਕ ਹੋਂਦ ਦੀ ਤਾਰੀਫ਼ ਵਿਚ ਵਿਆਪਤ ਕਰਦੇ ਹਨ ਅਤੇ ਕਈ ਸਤਿਨਾਮੀਏ ਗਿਆਨੀ ਗੁਣੀ ਨਾਮ ਬਵਸਥਾ ਨੂੰ ਸੁਰਤਿ ਮੰਡਲਾਂ ਦੀਆਂ ਖੇਡਾਂ ਹੀ ਦਸਦੇ ਹਨ । ਉਹ ਕਹਿੰਦੇ ਹਨ ਜਦੋਂ ਸੁਰਤ ਮੰਡਲ ਵਾਲੀ ਮੰਜ਼ਲ ਪ੍ਰਾਪਤ ਹੋਵੇਗੀ, ਓਦੋਂ ਏਹ ਅਗੰਮੀ ਨਾਮ ਆਪੇ ਸੁਣਨ ਲਗ ਪਵੇਗਾ ਅਤੇ ਉਦੋਂ ਹੀ ਜਗਿਆਸੂ ਦਾ ਧਿਆਨ ਨਾਮ ਧਿਆਉਣ ਵਿਚ ਜੁੜੇਗਾ ਅਤੇ ਓਦੋਂ ਹੀ ਉਸ ਅਗੰਮ ਅਗੋਚਰੀ ਨਾਮ ਦੇ ਸੁਣਨ ਮੰਨਣ ਨਿਧਿਆਸਨ ਦੀਆਂ ਸ਼ਕਤੀਆਂ ਪ੍ਰਫੁਲਤ ਹੋਣਗੀਆਂ । ਅਸੀਂ ਅਜੇਹੇ ਸੁਰਤਿ ਮੰਡਲੀਆਂ ਨੂੰ ਪੁਛਦੇ ਹਾਂ ਕਿ ਸੁਰਤਿ ਮੰਡਲ ਵਿਚ ਲੈ ਜਾਣ ਦੀ ਉਪਾਉ ਜੁਗਤੀ ਯਾ ਪ੍ਰੀਸ਼ਰਮ ਕਮਾਈ ਓਹਨਾਂ ਪਾਸ ਕੇਹੜੀ ਹੈ । ਓਹਨਾਂ ਦੀ, ਅਨੁਮਾਨੀ ਅੰਤਰਿ ਆਤਮਿਕ ਅਨਭਵੀ ਮੰਜ਼ਲ ਨੂੰ ਪਹੁੰਚਾਉਣ ਵਾਸਤੇ ਕੇਹੜਾ ਅਮਲ ਅਭਿਆਸ ਹੈ । ਕੇਵਲ ਫਿਕਰ ਸੋਚ [ Imagination ] ਨਾਲ ਹੀ ਓਹ ਉੱਚ ਬਵਸਥਾ ਨੂੰ ਪਹੁੰਚਿਆ ਲੋੜਦੇ ਹਨ । ਅਥਵਾ [ Meditation ] ਯਾ ਅੰਤਰਮੁਖਤਾ [ Introspection ] ਵਾਲੀ [ Positive-atirude ] ਧਾਰਨ ਕਰਕੇ ਉਸ ਬ੍ਰਹਮ ਕਲਾ ਦੇ ਪਦ ਨੂੰ ਪ੍ਰਾਪਤ ਕਰਿਆ ਮੰਨਦੇ ਹਨ । ਪਰ ਇਹ ਸਾਰੀਆਂ ਬਿਰਤੀਆਂ ਗੁਰਮਤਿ ਦੇ ਪ੍ਰਤਿਕੂਲ ਹਨ । "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ" ਅਤੇ "ਚੁਪੈ ਚੁਪਿ ਨਾ ਹੋਵਈ ਜਿ ਲਾਇ ਰਹਾਂ ਲਿਵਤਾਰ" ਵਾਲੇ ਗੁਰਵਾਕ ਹੀ ਇਸ ਮਨ ਕਲਪਤ ਅਮਲ ਅਭਿਆਸ ਦਾ ਖੰਡਨ ਕਰ ਦਿੰਦੇ ਹਨ । ਪਰਮ ਪਦ ਨੂੰ ਪਹੁੰਚਣ ਲਈ ਤਾਂ ਨਾਮ ਅਭਿਆਸ ਕਮਾਈ ਦੀ ਲੋੜ ਹੈ । ਅਲਪੱਗ ਮਤੜੀਆਂ ਦੇ ਮਨ ਕਲਪਤ ਅਮਲ ਅਭਿਆਸ ਜੇ ਕਾਫੀ ਹੁੰਦੇ ਤਾਂ ਸਰਬੱਗ ਸਤਿ ਗੁਰੂ ਨੂੰ ਨਾਮ ਦਾਰੂ ਲਿਆਉਣ ਲਾਉਣ ਵਰਤਣ ਵਰਤਾਣ ਦੀ ਕੀ ਲੋੜ ਸੀ ? ਨਾਮ ਦੁਆਰਾ ਹੀ ਸੁਰਤੀਆਂ ਬਿਰਤੀਆਂ ਖੁਲ੍ਹਣੀਆਂ ਹਨ । ਅਗਮਅਗੋਚਰੀ ਅਉਖਧੀ, ਹਾਂ ਜੀ ਗੁਰੂ ਨਾਨਕ ਸਚੇ ਵੈਦ ਰਾਹੀਂ ਧੁਰ ਤੋਂ ਆਈ ਅਮਰ-ਜੀਵਨੀ ਜੀਵਨ-ਬੂਟੀ ਹੀ ਗੁਣਕਾਰੀ ਹੈ ਅਸਲ ਗਲ ਇਹ ਹੈ ਕਿ ਆਮ ਜਗਿਆਸੂ ਇਸ ਜੀਵਨ ਬੂਟੀ ਦੀ ਅੰਮ੍ਰਿਤ ਕਲਾ ਤੋਂ ਉਕੇ ਹੀ ਅਸਰਧਕ ਹਨ, ਉਹਨਾਂ ਨੂੰ ਇਹ ਪਤੀਜ ਨਹੀਂ ਆਉਂਦੀ ਕਿ ਨਾਮ ਵਿਚ ਪਾਰਸ ਕਲਾ ਹੈ । ਉਹ ਇਸ ਪਾਰਸ ਨੂੰ ਪਰਸਦੇ ਹੀ ਨਹੀਂ । ਪਰਸਣ ਤਾਂ ਜੇ ਉਨ੍ਹਾਂ ਨੂੰ ਨਾਮ ਦੇ ਪਾਰਸ ਰੂਪ ਹੋਣ ਵਿਚ ਸਧਰਾ ਅਤੇ ਸੱਚਾ ਯਕੀਨ ਭਰੋਸਾ ਹੋਵੇ । ਪਾਰਸ ਪਰਸੇ ਬਿਨਾਂ ਜੇ ਕੋਈ ਲੋਹੇ ਨੂੰ ਸੋਨਾ ਬਨਾਉਣਾ ਲੋਚੇ ਤਾਂ ਕਦੇ ਮੁਮਕਿਨ ਨਹੀਂ । ਯਥਾ ਗੁਰਵਾਕ —

'ਲੋਹਾ ਹਿਰਨੁ ਹੋਇ ਕੈਸੇ ਜਉ ਪਾਰਸੈ ਨ ਪਰਸੇ ।'

ਨਾਮ ਨੂੰ ਜਪਣਾ ਨਾਮ ਦਾ ਅਭਿਆਸ ਕਰਨਾ ਨਾਮ ਰੂਪੀ ਪਾਰਸ ਨੂੰ ਪਰਸਣਾ ਹੈ । ਪਰ ਇਸ ਦੀ ਪਾਰਸ ਕਲਾ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਨੇ ਕਿ ਇਸ ਨੂੰ ਪਰਸਿਆ ਹੋਵੇ । ਪਰ ਇਹ ਐਸਾ ਪਾਰਸ ਹੈ, ਜਿਸ ਨੂੰ ਖਿਨ ਖਿਨ ਪਰਸਣ ਦੀ ਲੋੜ ਹੈ । ਜਿਉਂ ਜਿਉਂ ਇਸਨੂੰ ਪਰਸੋਗੇ ਤਿਉਂ ਤਿਉਂ ਪਾਰਸ ਹੁੰਦੇ ਚਲੇ ਜਾਓਗੇ । ਪਾਰਸ ਕਲਾ ਦੀਆਂ ਡਿਗਰੀਆਂ ਪਰੇ ਤੋਂ ਪਰੇ ਹਨ ਤੇ ਪਾਰਸ ਪਰਸਨ ਵਾਲਾ ਅਮਲ ਅਭਿਆਸ ਭੀ ਪਰੇ ਤੋਂ



www.AKJ.Org

ਪਰੇ ਹੈ । ਲੋਕ ਤਾਂ ਛੂ ਮੰਤਰ ਕੀ ਛਾਈ ਹੀ ਲੋੜਦੇ ਹਨ, ਪਰ ਗੁਰੂ ਘਰ ਵਿਚ ਸਭ ਕੁਛ ਹੈ । ਅੰਮ੍ਰਿਤ ਨਾਮ, ਪਾਰਸ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਿਸ ਅੰਮ੍ਰਿਤ ਅਧਿਕਾਰੀ ਸਿਖੀ ਦੇ ਜਗਿਆਸੂ ਨੂੰ ਅੰਮ੍ਰਿਤ ਛਕਣ ਸਮੇਂ ਨਾਮ ਗੁਰ ਮੰਤ੍ਰ ਦੀ ਅਮਰ ਜੀਵਨੀ ਗੁੜ੍ਹਤੀ ਮਿਲ ਗਈ, ਉਸ ਦੇ ਅੰਤਰ ਆਤਮੇ ਅੰਮ੍ਰਿਤ ਛਕਣ ਸਾਰ ਅਤੇ ਅੰਮ੍ਰਿਤ ਨਾਮ ਮਿਲਣਸਾਰ ਹੀ ਛਿਨਕ ਮਾਤਰ ਵਿਚ ਪਾਰਸ ਕਲਾ ਪਰਵੇਸ਼ ਹੋ ਜਾਂਵਦੀ ਹੈ । ਰਸ ਜੋਤਿ-ਪ੍ਰਕਾਸ ਵਾਲੀ ਬਵਸਥਾ ਕੇਵਲ ਇਸ ਅੰਮ੍ਰਿਤ ਨਾਮ ਦੀ ਪਾਰਸ ਕਲਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ । ਜਿਉਂ ਜਿਉਂ ਨਾਮ ਅਭਿਆਸ ਕਮਾਈ ਹੋਵੇਗੀ, ਤਿਉਂ ਤਿਉਂ ਰਸ-ਜੋਤਿ-ਪ੍ਰਕਾਸ਼ ਕਣੀ ਦਾ ਵਿਗਾਸ ਵਧੇਰੇ ਤੋਂ ਵਧੇਰੇ ਹੁੰਦਾ ਚਲਾ ਜਾਏਗਾ । ਇਸ ਜੋਤ ਪ੍ਰਕਾਸ਼ ਬਵਸਥਾ ਦੇ ਚੜ੍ਹਾਉ ਦਾ ਥਾਹ ਕੁਛ ਨਹੀਂ । ਪਰੇ ਤੋਂ ਪਰੇ ਹੈ । ਅਤੇ ਨਾਮ ਅਭਿਆਸ ਕਮਾਈ ਦਾ ਭੀ ਥਾਹ ਨਹੀਂ ਹੈ । ਜਿਨ੍ਹਾਂ ਪੂਰਬ-ਅੰਕਰ ਕਰਮ ਕਰੂਰੀ ਜਨਾਂ ਉਤੇ ਅੰਮ੍ਰਿਤ ਛਡਣ ਸਮੇਂ ਉੱਪਰ ਲਿਖੇ ਅਨੁਸਾਰ ਤੱਤ ਕਾਲ ਹੀ ਰਸ-ਜੋਤਿ ਪ੍ਰਕਾਸ਼ ਵਾਲੀ ਖੇਡ ਨਹੀਂ ਵਰਤਦੀ, ਪਰ ਨਾਮ ਗੁਰਮੰਤ੍ਰ ਦੀ ਦ੍ਰਿੜ ਪ੍ਰਾਪਤੀ ਹੋ ਜਾਂਦੀ ਹੈ, ਉਹ ਭੀ ਨਾਮ ਅਭਿਆਸ ਕਮਾਈ ਦੁਆਰਾ ਰਸ-ਜੋਤਿ ਪ੍ਰਕਾਸ਼ ਵਾਲਾ ਜਲਵਾ ਦੇਖ ਸਕਦੇ ਹਨ । ਪਰ ਇਸ ਰਸ ਜੋਤਿ ਪ੍ਰਕਾਸ਼ ਦੇ ਲਵ ਵਾਲੀ ਭੀ ਅਕਥ ਕਥਾ ਹੈ । ਸੋ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅਭਿਆਸੀ ਜਨ ਪਰ ਨਾਮ ਅਭਿਆਸ ਕਮਾਈ ਦੁਆਰਾ ਏਹ ਦਸ਼ਾ ਜ਼ਰੂਰ ਵਰਤਦੀ ਹੈ ਕਿਉਂਕਿ ਨਾਮ ਵਿਚ ਪਾਰਸ ਕਲਾ ਹੈ । ਜਿਉਂ ਜਿਉਂ ਇਸ ਨੂੰ ਪਰਸੋਗੇ ਅਰਥਾਤ ਜਿਉਂ ਜਿਉਂ ਇਸ ਦਾ ਅਭਿਆਸ ਕਮਾਈ ਕਰੋਗੇ, ਤਿਉਂ ਤਿਉਂ ਇਸ ਦਾ ਪਾਰਸ ਤਿਲਸਮੀ ਮੁਅਜਜ਼ਾ ਵਰਤਦਾ ਜਾਣਾ ਹੈ । ਲੋਕੀ ਕਹਿੰਦੇ ਹਨ ਕਿ ਬਥੇਰਾ ਬਾਣੀ ਪੜ੍ਹਦੇ ਹਾਂ, ਬਥੇਰਾ ਨਾਮ ਜਪਦੇ ਹਾਂ, ਕੁਛ ਨਹੀਂ ਬਣਦਾ, ਸਾਨੂੰ ਐਨੇ ਸਾਲ ਹੋ ਗਏ ਪਰ ਜੋ ਕੁਛ ਨਾਮ ਬਾਣੀ ਸੁਨਣ ਪੜ੍ਹਨ ਦਾ ਮਹਾਤਮ ਗੁਰਬਾਣੀ ਵਿਚ ਲਿਖਿਆ ਹੈ ਉਸ ਬਵਸਥਾ ਵਾਲੀ ਘਟਨਾ ਨਹੀਂ ਘਟੀ । ਇਹ ਉਨ੍ਹਾਂ ਦਾ ਕਹਿਣਾ ਫਜ਼ੂਲ ਹੈ । ਯਾਂ ਤਾਂ ਉਨ੍ਹਾਂ ਨੂੰ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਅੰਮ੍ਰਿਤ ਛਕਣ ਦੀ ਬਿਧੀ ਅਤੇ ਗੁਰਮੰਤ੍ਰ ਦੀ ਪ੍ਰਾਪਤੀ ਨਹੀਂ ਹੋਈ ਯਾ ਅੰਮ੍ਰਿਤ ਛਕਣ ਪਸਚਾਤ ਕੁਛ ਬਿਘਨ ਪੈ ਗਿਆ ਹੈ । ਏਹ ਗਲ ਪੱਕੀ ਹੈ ਕਿ ਨਿਗੁਰੇ ਪੁਰਸ਼ਾਂ ਨੂੰ ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ, ਨਾਮ ਨਹੀਂ ਪ੍ਰਾਪਤ ਹੋ ਸਕਦਾ । ਨਾਮ ਦੀ ਪ੍ਰਾਪਤੀ ਪਿਛੋਂ ਨਾਮ ਦੀ ਕਮਾਈ ਸਿਮਰਣ ਗੁਰਬਾਣੀ ਦੀ ਅਤੇ ਕੇਵਲ ਗੁਰਬਾਣੀ ਦੀ ਕਮਾਈ ਉਨ੍ਹਾਂ ਦੀ ਰੂੰਗੇ ਮਾਤ੍ਰ ਹੀ ਹੁੰਦੀ ਹੈ, ਅਤੇ ਅੰਮ੍ਰਿਤ ਛਕਕੇ ਨਾਮ ਪ੍ਰਾਪਤ ਕਰਕੇ ਭੀ ਬਹੁਤ ਸਾਰੇ ਜਗਿਆਸੂ ਐਸੇ ਹੁੰਦੇ ਹਨ ਕਿ ਜਿਨ੍ਹਾਂ ਨੂੰ ਅੰਮ੍ਰਿਤ ਛਕਣ ਸਮੇਂ ਨਾਮ ਰਸ ਪਰਕਾਸ਼ਤ ਨਹੀਂ ਹੋਇਆ ਹੁੰਦਾ ਤਾਂ ਤੇ ਉਨ੍ਹਾਂ ਦੀ ਨਾਮ ਦੀ ਅਤੇ ਬਾਣੀ ਦੀ ਕਮਾਈ ਬਹੁਤ ਥੋੜੀ ਹੁੰਦੀ ਹੈ । ਨਾਮ ਬਾਣੀ ਵਿਚ ਲਥ ਪਥ ਹੋ ਕੇ ਜੁਟੇ ਬਿਨਾਂ ਤਾਂ 'ਸੇਵਾ ਥੋਰੀ ਮਾਗਨ ਬਹੁਤਾ' ਵਾਲੀ ਗਲ ਹੀ ਰਹਿ ਜਾਂਦੀ ਹੈ । ਜਿਸ ਪ੍ਰਕਾਰ ਕਿ ਮਾਇਆ ਦੇ ਧੰਦ ਬੰਦ ਵਿਚ ਪ੍ਰਾਣੀ ਲਥ ਪਥ ਅਤੇ ਲੰਪਟੀ ਰਹਿੰਦਾ ਹੈ, ਇਸ ਪਰਕਾਰ ਇਕ ਵਾਰ ਤਾਂ ਰਾਤ ਦਿਨ ਕਰਕੇ ਨਾਮ ਕਮਾਈ ਵਿਚ ਜੁਟਣਾ ਪੈਂਦਾ ਹੈ । ਪਹਿਲੇ ਪਹਿਲ ਸਿਲ ਅਲੂਣੀ ਚੱਟਣੀ ਪੈਂਦੀ ਹੈ, ਜਦ ਤਾਂਈ ਕਿ ਨਾਮ ਦਾ ਰਸ ਨਹੀਂ ਆਉਂਦਾ । ਪਹਿਲਾਂ



www.AKJ.Org

ਤਾਂ ਇਸ ਜੀਉੜੇ ਨੂੰ ਜਨਮ ਜਨਮ ਦੀ ਮੈਲ ਲਗੀ ਹੋਈ ਹੁੰਦੀ ਹੈ, ਫੇਰ ਏਸ ਜਨਮ ਵਿਚ ਆ ਕੇ ਭੀ ਮਸਾਂ ਪਾਸੰਗ ਮਾਤਰ ਹੀ ਇਸ ਦੀ ਕਮਾਈ ਹੁੰਦੀ ਹੈ।' ਤਾਂ ਅਨਮਾਨ ਲਗਾ ਲਵੋ ਕਿ ਓਸ ਦਾ ਏਹ ਆਖਣਾ ਕੀ ਅਰਥ ਰਖਦਾ ਹੈ ਕਿ ਮੈਂ ਬੜੀ ਕਮਾਈ ਕੀਤੀ, ਬੜੀ ਬਾਣੀ ਪੜ੍ਹੀ ਸੁਣੀ ਪਰ ਕਖ ਨਹੀਂ ਬਣਿਆ। ਏਹ ਉਸ ਦਾ ਆਖਣਾ ਗ਼ਲਤ ਅਤੇ ਕੋਰਾ ਝੂਠ ਹੈ ਜਨਮ ਮਿਰਨ ਦੇ ਕੁਕਰਮਾਂ ਦੀ ਮੈਲ ਦੇ ਮੁਕਾਬਲੇ ਵਿਚ ਕਮਾਈ ਤਾਂ ਨਹੰ ਮਾਤਰ ਭੀ ਨਹੀਂ ਹੁੰਦੀ। ਸਮੇਂ ਦਾ ਦਸੌਂਦ ਭੀ ਨਹੀਂ ਲੇਖੇ ਲਗਦਾ, ਨਾਮ ਬਾਣੀ ਦੀ ਕਮਾਈ ਵਿਚ, ਤਾਂ ਉਸ ਦਾ ਸ਼ੰਕਾ ਬਿਰਥਾ ਅਤੇ ਬਿਲਕੁਲ ਫ਼ਜ਼ੂਲ ਹੈ। ਵੈਦ ਗੁਰੂ ਦੇ ਹੁਕਮ ਅਨੁਸਾਰ ਓਹ ਕਮਾਈ ਹੀ ਨਹੀਂ ਕਰਦਾ ਅਤੇ ਨਾਂ ਹੀ ਵੈਦ ਗੁਰੂ ਦੀ ਹਦਾਇਤ ਅਨੁਸਾਰ ਪਥ ਸੰਜਮ ਰਖਦਾ ਹੈ ਅਤੇ ਬਿਰਥਾ ਦੋਸ਼ ਨਾਮ ਬਾਣੀ ਨੂੰ ਦਿੰਦਾ ਹੈ। ਕੀ "ਦੰਮ ਦੰਮ ਸਦਾ ਸਮਾਲਦਾ ਦੰਮ ਨਾ ਬਿਰਥਾ ਜਾਇ" ਦੇ ਵਾਕ ਅਨੁਸਾਰੀ ਹਦਾਇਤ ਉਤੇ ਉਹ ਪੂਰੀ ਵਰਤੋਂ ਕਰਦਾ ਹੈ? ਕਦੇ ਨਹੀਂ। ਜੇ ਕਰੇ ਤਾਂ ਨਾਮ ਬਾਣੀ ਪਾਰਸ ਕਲਾ ਜ਼ਰੂਰ ਵਰਤੇ :—

ਪੂਛਤ ਹੈ ਵੈਦ ਖਾਤ ਅਉਖਦ ਨਾ ਸੰਜਮ ਸੇਤੀ,
ਕੈਸੇ ਮਿਟੈ ਰੋਗ ਸੁਖ ਸਹਜ ਸਮਾਈਐ ॥
ਗਾਏ, ਸੁਨੇ, ਆਂਖੇ ਮੀਚੇ ਪਾਈਐ ਨ ਪਰਮ ਪਦ,
ਗੁਰ ਉਪਦੇਸ ਗਹਿ ਜਉ ਲਉ ਰਿਦੇ ਨਾ ਕਮਾਈਐ ॥

ਵਾਲਾ ਭਾਈ ਗੁਰਦਾਸ ਜੀ ਦਾ ਭਾਵ ਬਿਲਕੁਲ ਸਤਿ ਹੈ। ਬਸ! ਗੁਰ ਉਪਦੇਸ਼ ਗਹਿ ਕਰਕੇ ਕਮਾਉਣ ਵਿਚ ਹੀ ਕਸਰ ਰਹਿ ਜਾਂਦੀ ਹੈ। ਆਮ ਤੌਰ ਤੇ ਤਾਂ ਇਸ ਗੁਰ ਉਪਦੇਸ਼ ਨੂੰ ਲੋਕੀ ਸਰਸਰੀ ਅਰਥਾਂ ਵਾਲਾ ਉਪਦੇਸ਼ ਹੀ ਸਮਝਦੇ ਹਨ ਪਰ ਗੁਰਮਤਿ ਦਾ ਸਚਾ ਉਪਦੇਸ਼ ਕੀ ਹੈ ਅਤੇ ਉਸ ਉਤੇ ਅਮਲ ਕਰਨ ਦੀ ਪਾਰਸ ਕਲਾ ਕੀ ਵਰਤਦੀ ਹੈ? ਓਹ ਇਸ ਇਕ ਗੁਰਵਾਕ ਪੰਗਤੀ ਵਿਚ ਬੜੀ ਅਸਚਰਜ ਸੁੰਦਰਤਾ ਸਹਿਤ ਗੁੰਫਨ ਹੈ। ਯਥਾ :—

'ਸਚਾ ਉਪਦੇਸ ਹਰਿ ਜਾਪਣਾ ਮਲ ਜਨਮ ਜਨਮ ਕੀ ਕਾਟ।'

ਭਾਵ ਨਾਮ ਜਪਣ ਰੂਪੀ ਸਚੇ ਹੁਕਮ ਉਪਦੇਸ਼ ਦੀ ਪਾਰਸ ਕਮਾਈ ਦੇ ਤੁਫੈਲ ਜਨਮ ਜਨਮ ਦੀ ਮੈਲ ਕੱਟੀ ਜਾਂਦੀ ਹੈ। ਹੁਣ ਜੀਉ ਕਰਦਾ ਹੈ ਕਿ ਨਾਮ ਜਪਣ ਦੀ ਪਾਰਸ ਕਲਾ ਪ੍ਰਥਾਇ ਕੁਛਕੁ ਗੁਰ ਪ੍ਰਮਾਣਾਂ ਦੀ ਲੜੀ ਲਿਖੀ ਜਾਏ। ਤਾਂ ਕਿ ਇਹ ਗਲ ਭਲੀ ਭਾਂਤ ਸਿਧ ਹੋ ਜਾਵੇ ਕਿ ਨਾਮ ਜਪਣਾ ਕਦੇ ਬਿਰਥਾ ਨਹੀਂ ਜਾਂਦਾ। ਨਾਮ ਰੂਪੀ ਅਉਖਧੀ ਵਰਤਣ ਕਰਿ ਸਾਰੇ ਸਰੀਰਕ ਅਤੇ ਮਾਨਸਕ ਰੋਗਾਂ ਦਾ ਖਾਤਮਾ ਹੋ ਜਾਂਦਾ ਹੈ ਅਤੇ ਨਾਮ ਦੇ ਜਪਣ ਕਰਿ ਅਮਿਤ ਬਰਕਤਾਂ ਆ ਉਠਦੀਆਂ ਹਨ ਅਤੇ



www.AKJ.Org

ਅਕਲ ਕਲਾ ਮਈ ਨਾਨਾ ਪਰਕਾਰ ਦੀ ਪਾਰਸ ਸ਼ਕਤੀ ਪ੍ਰਾਪਤ ਹੁੰਦੀ ਹੈ । ਤਾਂ ਤੇ ਨਾਮ ਮਹਿਮਾ ਵਾਲੇ ਗੁਰ ਪਰਮਾਣ ਲਿਖਣੇ ਲਾਜ਼ਮੀ ਹਨ । ਯਥਾ ਗੁਰਵਾਕ :—

ਭੈਰਉ ਮਹਲਾ ੫

੧. 'ਨਾਮ ਲੈਤ ਮਨੁ ਪਰਗਟੁ ਭਇਆ ॥ ਨਾਮ ਲੈਤੁ ਪਾਪੁ ਤਨ ਤੇ ਗਇਆ ॥ ਨਾਮੁ ਲੈਤ ਸਗਲ ਪੁਰਬਾਇਆ ॥ ਨਾਮੁ ਲੈਤ ਅਠ ਸਠਿ ਮਜਨਾਇਆ ॥ ੧ ॥ ਤੀਰਥ ਹਮਰਾ ਹਰਿ ਕੋ ਨਾਮੁ ॥ ਗੁਰਿ ਉਪਦੇਸਿਆ ਤਤੁ ਗਿਆਨੁ ॥ ੧ ॥ ਰਹਾਉ ॥ ਨਾਮੁ ਲੈਤ ਦੁਖੁ ਦੂਰਿ ਪਰਾਨਾ ॥ ਨਾਮੁ ਲੈਤ ਅਤਿ ਮੂੜ ਸੁਗਿਆਨਾ ॥ ਨਾਮੁ ਲੈਤ ਪਰਗਟਿ ਉਜਿਆਰਾ ॥ ਨਾਮੁ ਲੈਤ ਛੁਟੇ ਜੰਜਾਰਾ ॥ ਨਾਮੁ ਲੈਤ ਜਮੁ ਨੇੜਿ ਨ ਆਵੈ ॥ ਨਾਮੁ ਲੈਤ ਦਰਗਹ ਸੁਖੁ ਪਾਵੈ ॥ ਨਾਮੁ ਲੈਤ ਪ੍ਰਭੁ ਕਹੈ ਸਾਬਾਸਿ ॥ ਨਾਮੁ ਹਮਾਰੀ ਸਾਚੀ ਰਾਸਿ ॥ ੩ ॥ ਗੁਰ ਉਪਦੇਸ ਕਹਿਓ ਇਹੁ ਸਾਰੁ ॥ ਹਰਿ ਕੀਰਤਿ ਮਨ ਨਾਮੁ ਆਧਾਰੁ ॥ ਨਾਨਕ ਉਧਰੇ ਨਾਮ ਪੁਨਹਚਾਰ ॥ ਅਵਰ ਕਰਮ ਲੋਕਹਿ ਪਤੀਆਰ ॥ "੪ ॥

੨. "ਨਾਮੁ ਹਮਾਰੈ ਅੰਤਰਜਾਮੀ ॥ ਨਾਮੁ ਹਮਾਰੈ ਆਵੈ ਕਾਮੀ ॥ ਰੋਮਿ ਰੋਮਿ ਰਵਿਆ ਹਰਿ ਨਾਮੁ ॥ ਸਤਿਗੁਰ ਪੂਰੈ ਕੀਨੋ ਦਾਨੁ ॥ ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪਰ ਅਪਾਰ ॥ ॥ ੧ ॥ ਰਹਾਉ ॥ ਨਾਮੁ ਹਮਾਰੈ ਨਿਹਚਲ ਧਨੀ ॥ ਨਾਮ ਕੀ ਮਹਿਮਾ ਸਭ ਮਹਿ ਬਨੀ ॥ ਨਾਮੁ ਹਮਾਰੈ ਪੂਰਾ ਸਾਹੁ ॥ ਨਾਮੁ ਹਮਾਰੈ ਵੇਪਰਵਾਹੁ ॥ ੨ ॥ ਨਾਮੁ ਹਮਾਰੈ ਭੋਜਨ ਭਾਉ ॥ ਨਾਮੁ ਹਮਾਰੈ ਮਨ ਕਾ ਸੁਆਉ ॥ ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥



www.AKJ.Org

ਨਾਮੁ ਲੈਤ ਅਨਹਦ ਪੂਰੇ ਨਾਦ ॥ ੩ ॥ ਪ੍ਰਭ
ਕਿਰਪਾ ਤੇ ਨਾਮੁ ਨਉਨਿਧ ਪਾਈ ॥ ਗੁਰ ਕਿਰਪਾ
ਤੇ ਨਾਮ ਸਿਉ ਬਨਿ ਆਈ ॥ ਧਨਵੰਤੇ ਸੇਈ
ਪਰਧਾਨ ॥ ਨਾਨਕ ਜਾਕੈ ਨਾਮੁ ਨਿਧਾਨ ॥"

੩. "ਨਾਮੁ ਹਮਾਰੈ ਬੇਦ ਅਰੁ ਨਾਦ ॥ ਨਾਮੁ ਹਮਾਰੈ
ਪੂਰੇ ਕਾਜ ॥ ਨਾਮੁ ਹਮਾਰੈ ਪੂਜਾ ਦੇਵ ॥ ਨਾਮੁ
ਹਮਾਰੈ ਗੁਰ ਕੀ ਸੇਵ ॥ ੧ ॥ ਗੁਰਿ ਪੂਰੇ ਦ੍ਰਿੜਿਓ
ਹਰਿ ਨਾਮੁ ॥ ਸਭ ਤੇ ਊਤਮੁ ਹਰਿ ਹਰਿ ਕਾਮੁ ॥
੧ ॥ ਰਹਾਉ ॥ ਨਾਮੁ ਹਮਾਰੈ ਮਜਨ ਇਸਨਾਨੁ ॥
ਨਾਮੁ ਹਮਾਰੈ ਪੂਰਨ ਦਾਨੁ ॥ ਨਾਮ ਲੈਤ ਤੇ
ਸਗਲ ਪਵੀਤ ॥ ਨਾਮੁ ਜਪਤ ਮੇਰੋ ਭਾਈ ਮੀਤ ॥੨॥
ਨਾਮੁ ਹਮਾਰੈ ਸਉਣ ਸੰਜੋਗ ॥ ਨਾਮੁ ਹਮਾਰੈ
ਤ੍ਰਿਪਤ ਸੁਭੋਗ ॥ ਨਾਮੁ ਹਮਾਰੈ ਸਗਲ ਅਚਾਰ ॥
ਨਾਮੁ ਹਮਾਰੈ ਨਿਰਮਲ ਬਿਉਹਾਰ ॥ ਜਾਕੈ ਮਨਿ
ਵਸਿਆ ਪ੍ਰਭ ਏਕੁ ॥ ਸਗਲ ਜਨਾ ਕੀ ਹਰਿ
ਹਰਿ ਟੇਕ ॥ ਮਨਿ ਤਨਿ ਨਾਨਕ ਹਰਿ ਗੁਣ
ਗਾਉ ॥ ਸਾਧ ਸੰਗਿ ਜਿਸੁ ਦੇਵੈ ਨਾਉ ॥"

੪. "ਸਦਾ ਸਖਾਈ ਹਰਿ ਹਰਿ ਨਾਮੁ ॥ ਜਿਸ ਚੀਤਿ
ਆਵੈ ਤਿਸੁ ਸਦਾ ਸੁਖੁ ਹੋਵੈ ਨਿਕਟ ਨ ਆਵੈ
ਤਾਕੈ ਜਾਮੁ ॥"

੫. ਰੋਗ ਦੋਖ ਗੁਰ ਸਬਦਿ ਨਿਵਾਰੇ ॥ ਨਾਮ ਅਉਖਧੁ
ਮਨਿ ਭੀਤਰਿ ਸਾਰੇ ॥ ਗੁਰ ਭੇਟਤ ਮਨਿ ਭਇਆ
ਅਨੰਦ ॥ ਸਰਬ ਨਿਧਾਨ ਨਾਮ ਭਗਵੰਤ ॥"

੫, "ਸਭ ਤੇ ਓਚਾ ਜਾਕਾ ਨਾਉ ॥ ਸਦਾ ਸਦਾ ਤਾਕੇ
ਗੁਣ ਗਾਉ ॥ ਤਿਸੁ ਸਿਮਰਤ ਸਗਲਾ ਦੁਖੁ



www.AKJ.Org

ਜਾਇ ॥ ਸਰਬ ਸੂਖ ਵਸਹਿ ਮਨ ਆਇ ॥
ਸਿਮਰਿ ਮਨਾ ਤੂ ਸਾਚਾ ਸੋਇ॥ ਹਲਤਿ ਪਲਤਿ
ਤੁਮਰੀ ਗਤਿ ਹੋਇ ॥

੬. "ਜਿਸੁ ਸਿਮਰਤ ਮਨਿ ਹੋਇ ਪਰਗਾਸੁ ॥ ਮਿਟਹਿ
ਕਲੇਸ ਸੁਖ ਸਹਜਿ ਨਿਵਾਸੁ ॥ ਤਿਸਹਿ ਪਰਾਪਤ
ਜਿਸੁ ਪ੍ਰਭੁ ਦੇਹਿ॥ ਪੂਰੇ ਗੁਰ ਕੀ ਪਾਏ ਸੇਵ ॥੧॥
ਸਰਬ ਸੁਖਾ ਪ੍ਰਭੁ ਤੇਰੋ ਨਾਉ ॥ ਆਠ ਪਹਰ ਮੇਰੇ
ਮਨ ਗਾਉ ॥ ੧ ॥ ਰਹਾਉ ॥ ਜੋ ਇਛਹਿ ਸੋਈ
ਫਲ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥
ਆਵਣ ਜਾਣ ਰਹੇ ਹਰਿ ਧਿਆਇ ॥ ਭਗਤਿ
ਭਾਇ ਪ੍ਰਭ ਕੀ ਲਿਵ ਲਾਇ ॥ ੨ ॥ ਬਿਨਸੇ ਕਾਮ
ਕ੍ਰੋਧ ਅਹੰਕਾਰ ॥ ਤੂਟੇ ਮਾਇਆ ਮੋਹ ਪਿਆਰ
ਪ੍ਰਭ ਕੀ ਟੇਕ ਰਹੇ ਦਿਨੁ ਰਾਤਿ ॥ ਪਾਰ ਬ੍ਰਹਮ ਕਰੇ
ਜਿਸੁ ਦਾਤਿ ॥ ੩ ॥ ਕਰਨ ਕਰਾਵਨਹਾਰ ਸੁਆਮੀ ॥
ਸਗਲ ਘਟਾ ਕੇ ਅੰਤਰਜਾਮੀ ॥ ਕਰਿ ਕਿਰਪਾ
ਅਪਨੀ ਸੇਵਾ ਲਾਇ॥ ਨਾਨਕ ਦਾਸ ਤੇਰੀ ਸਰਣਾਇ ॥

੭. ਆਠ ਪਹਰ ਹਰਿ ਹਰਿ ਜਪੁ ਜਾਪਿ ॥ ਰਾਖਨਹਾਰ
ਗੋਬਿੰਦ ਗੁਰ ਆਪਿ ॥ ਆਪਨੇ ਸੇਵਕ ਕਉ ਸਦਾ
ਪ੍ਰਤਿ ਪਾਰੈ ॥ ਭਗਤ ਜਨਾ ਕੇ ਸਾਸ ਨਿਹਾਰੈ ॥
ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ
ਕਰਿ ਹਾਥ ॥੩॥ ਨਿਰਮਲ ਸੋਭਾ ਨਿਰਮਲ ਰੀਤਿ ॥
ਪਾਰਬ੍ਰਹਮ ਆਇਆ ਮਨੁ ਚੀਤਿ ॥ ਕਰਿ ਕਿਰਪਾ
ਗੁਰ ਦੀਨੋ ਦਾਨੁ ॥ ਨਾਨਕ ਪਾਇਆ ਨਾਮ ਨਿਧਾਨ ॥

੮. ਨਾਮੁ ਲੈਤ ਕਿਛੁ ਬਿਘਨ ਨ ਲਾਗੈ ॥ ਨਾਮੁ ਸੁਣਤ
ਜਮੁ ਦੂਰਹੁ ਭਾਗੈ ॥ ਨਾਮੁ ਲੈਤ ਸਭ ਦੂਖਹ
ਨਾਸੁ ॥ ਨਾਮੁ ਜਪਤ ਹਰਿ ਚਰਣ ਨਿਵਾਸੁ ॥



www.AKJ.Org

ਨਿਰਬਿਘਨ ਭਗਤਿ ਭਜੁ ਹਰਿ ਹਰਿ ਨਉ ॥
ਰਸਕਿ ਰਸਕਿ ਹਰਿ ਕੇ ਗੁਣ ਗਾਉ ॥ ੧ ॥
ਹਰਿ ਸਿਮਰਤ ਕਿਛੁ ਚਾਖੁ ਨ ਜੋਹੈ ॥ ਹਰਿ
ਸਿਮਰਤ ਦੈਤ ਦੇਉ ਨ ਪੋਹੈ ॥ ਹਰਿ ਸਿਮਰਤ
ਮੋਹੁ ਮਾਨੁ ਨ ਬਧੈ ॥ ਹਰਿ ਸਿਮਰਤ ਗਰਭ ਜੋਨਿ
ਨ ਰੁਧੈ ॥ ੨ ॥ ਹਰਿ ਸਿਮਰਨ ਕੀ ਸਗਲੀ ਬੇਲਾ ॥
ਹਰਿ ਸਿਮਰਨੁ ਬਹੁ ਮਾਹਿ ਇਕੇਲਾ ॥ ......

੯. ਚੀਤਿ ਆਵੈ ਤਾਂ ਮਹਾਂ ਅਨੰਦ ॥ ਚੀਤਿ ਆਵੈ
ਤਾਂ ਸਭ ਦੁਖ ਭੰਜ ॥ ਚੀਤਿ ਆਵੈ ਤਾਂ ਸਰਧਾ
ਪੂਰੀ ॥ ਚੀਤਿ ਆਵੈ ਤ ਕਬਹਿ ਨ ਝੂਰੀ ॥ ੧ ॥
ਅੰਤਰਿ ਰਾਮ ਰਾਇ ਪ੍ਰਗਟੇ ਆਇ ॥ ਗੁਰਿ
ਪੂਰੈ ਦੀਓ ਰੰਗਿ ਲਾਇ ॥ ੧ ॥ ਰਹਾਉ ॥ ਚੀਤਿ
ਆਵੈ ਤਾ ਸਰਬ ਕੋ ਰਾਜਾ ॥ ਚੀਤਿ ਆਵੈ ਤਾ
ਪੂਰੇ ਕਾਜਾ ॥ ਚੀਤਿ ਆਵੈ ਤਾ ਰੰਗਿ ਗੁਲਾਲ ॥
ਚੀਤਿ ਆਵੈ ਤਾ ਸਦਾ ਨਿਹਾਲ ॥ ੨ ॥ ਚੀਤਿ
ਆਵੈ ਤਾ ਸਦ ਧਨਵੰਤਾ ॥ ਚੀਤਿ ਆਵੈ ਤਾ ਸਦ
ਨਿਭਰੰਤਾ ॥ ਚੀਤੀਆਵੈ ਤਾ ਸਭਿ ਰੰਗ ਮਾਣੇ ॥ ਚੀਤਿ
ਆਵੈ ਤਾ ਚੂਕੀ ਕਾਣੇ ॥ ਚੀਤਿ ਆਵੈ ਤਾ ਸਹਿਜ
ਘਰੁ ਪਾਇਆ ॥ ਚੀਤਿ ਆਵੈ ਤ ਸੁੰਨ ਸਮਾਇਆ ॥
ਚੀਤਿ ਆਵੈ ਸਦ ਕੀਰਤਨ ਕਰਤਾ ॥ ਮਨੁ ਮਾਨਿਆ
ਨਾਨਕ ਭਗਵੰਤਾ ॥ ੪ ॥

ਉਪਰ ਲਿਖੇ ਗੁਰ ਪ੍ਰਮਾਣਾਂ ਤੋਂ ਭਲੀ ਭਾਂਤਿ ਇਹ ਗਲ ਸਿਧ ਹੋ ਗਈ ਕਿ ਨਾਮ ਜਪਣ ਦੀ ਪਾਰਸ ਕਮਾਈ ਦੁਆਰਾ ਬਹੁ ਭਾਂਤੀ ਫਲ ਸੁਤੇ ਸਹਿਜ ਹੀ ਪ੍ਰਾਪਤ ਹੋ ਜਾਂਦੇ ਹਨ । ਤਾਂ ਤੇ ਇਹਨਾਂ ਗੁਰ ਪ੍ਰਮਾਣਾਂ ਤੋਂ ਨਾਮ ਦੀ ਪਾਰਸ ਕਲਾ ਦ੍ਰਿੜ ਦਾ ਨਿਸਚਾ ਜੇ ਅਜੇ ਭੀ ਗੁਰਸਿਖਾਂ ਨੂੰ ਨਾ ਆਵੇ ਤਾਂ ਇਸਦਾ ਏਹੀ ਭਾਵ ਕੱਢਣਾ ਪਵੇਗਾ ਕਿ ਅਜੇਹੇ ਗੁਰਸਿਖਾਂ ਨੂੰ ਗੁਰਬਾਣੀ ਨੂੰ ਸੁਤਿ ਸਤਿ ਕਰ ਮੰਨਣ ਵਾਲੀ ਸ਼ਰਧਾ ਭਾਵਨੀ ਨਹੀਂ ਉਪਜੀ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ- "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰ ਸਿਖਹੁ ਹਰ ਕਰਤਾ ਆਪਿ ਮੁਹਹੁ ਕਢਾਏ ॥"



www.AKJ.Org

ਸੋ ਗੁਰੂ ਕੇ ਸ਼ਰਧਾਲੂ ਸਿਖ ਹਨ ਤਿਨਾਂ ਨੂੰ ਗੁਰਬਾਣੀ ਸਤਿ ਸਤਿ ਕਰਿ ਮੰਨਣ ਦੀ ਲਾਜ ਹੈ। ਓਹ ਸਰਧਾ ਭਾਵਨੀ ਕਰਿ ਨਾਮ ਜਪਣ ਵਿਚਿ ਜੁਟ ਜਾਂਦੇ ਹਨ, ਪਰ ਜਿਨਾਂ ਨੂੰ ਏਹ ਸਰਧਾ ਭਾਵਨੀ ਨਹੀਂ ਸੋ ਨਾਮ ਨਹੀਂ ਜਪਦੇ ਅਤੇ ਤਿਨਾਂ ਨੂੰ ਗੁਰਬਾਣੀ ਨੂੰ ਸਤਿ ਸਤਿ ਕਰ ਨਾਂ ਮੰਨਣ ਲਾਜ ਨਹੀਂ ਆਉਂਦੀ। ਅਜੇਹੇ ਲਾਜ ਲੈਣ ਵਾਲੇ ਪੁਰਸ਼ਾਂ ਪ੍ਰਤੀ ਗੁਰੂ ਸ਼ਾਹਿਬ ਦਾ ਇਹ ਵਾਕ ਹੈ ;—

"ਲਾਜ ਮਰੈ ਜੋ ਨਾਮੁ ਨ ਲੇਵੈ। ਨਾਮ ਬਿਹੂਣ ਸੁਖੀ
ਕਿਉ ਸੋਵੈ ॥ ਹਰਿ ਸਿਮਰਨ ਛਾਡਿ ਪਰਮ ਗਤਿ
ਚਾਹੈ ॥ ਮੂਲ ਬਿਨਾ ਸਾਖਾ ਕਤ ਆਹੈ ॥ ੧ ॥
ਗੁਰੁ ਗੋਵਿੰਦ ਮੇਰੇ ਮਨ ਧਿਆਇ ॥ ਜਨਮ ਜਨਮ
ਕੀ ਮੈਲੁ ਉਤਾਰੈ ਬੰਧਨ ਕਾਟਿ ਹਰਿ ਸੰਗਿ
ਮਿਲਾਇ ॥"

ਇਸ ਵਾਕ ਤੋਂ ਅਤੇ ਪਹਿਲੇ ਵਾਕਾਂ ਤੋਂ ਸਭ ਤੋਂ ਵਡੀ ਗਲ ਏਹ ਸਿਧਾਂਤ ਨਿਕਲਦਾ ਹੈ ਕਿ ਨਾਮ ਦੀ ਪਾਰਸ ਕਲਾ ਦੀ ਬਰਕਤ ਨਾਲਿ ਜਨਮ ਜਨਮ ਦੇ ਰੋਗ ਕਟੇ ਜਾਂਦੇ ਹਨ ਅਤੇ ਜਨਮ ਜਨਮਾਤ੍ਰਾਂ ਦੇ ਕਮਾਤੇ ਪਾਪ ਧੋਤੇ ਜਾਂਦੇ ਹਨ। ਏਹ ਸਭ ਪਰਾਪਤ ਨਾਮ ਰੂਪੀ ਪਾਰਸ ਬੂਟੀ ਦਾ ਹੈ ਅਤੇ ਏਹ ਪਾਰਸ ਬੂਟੀ ਸਤਿਗੁਰ ਨਾਨਕ ਦੇਵ ਜੀ ਸਚੇ ਵੈਦ ਗੁਰੂ ਨੇ ਇਸ ਰੋਗੀ ਸੰਸਾਰ ਲਈ ਨਿਰੰਕਾਰ ਦੇ ਧੁਰ ਧਾਮੋਂ ਲਿਆਂਦੀ। ਤਾਂ ਤੇ ਗੁਰੂ ਨਾਨਕ ਨਿਰੰਕਾਰੀ ਸਚਾ ਵੈਦ ਧੰਨ ਹੈ। ਧੰਨ ਬਾਬਾ ਨਾਨਕ ਨਿਰੰਕਾਰੀ ਤੇ ਰੋਗੀ ਸੰਸਾਰਿਆਂ ਦੇ ਸਚੇ ਵੈਦ ਤੂੰ ਧੰਨ ਹੈਂ। ਤੇਰੇ ਬਾਝਹੁ ਰੋਗੀ ਸੰਸਾਰ ਦੇ ਰੋਗ ਜਨਮ ਜਨਮਾਂਤ੍ਰਾਂ ਦੇ ਰੋਗ ਕਉਣ ਕਟੇ ਤੇ ਗੁਰ ਨਾਨਕ ਸਚੇ ਵੈਦ ਧੰਨ ਤੇਰੀ ਨਾਮ ਅਉਖਧੀ ਜੇ ਤੈਂ ਸੰਸਾਰੀਆਂ ਦੇ ਰੋਗ ਕਟਣ ਲਈ ਧੁਰ ਨਿਰੰਕਾਰ ਦੀ ਦਰਗਾਹੋਂ ਲਿਆਂਦੀ। ਇਸ ਬਿਹੂਣ ਸਾਰਾ ਸੰਸਾਰ ਸਚ ਮੁਚ ਰੋਗੀ ਸੀ, ਸੰਸਾਰ ਦੇ ਇਸ ਰੋਗ ਨੂੰ ਅਤੇ ਰੋਗੀਆਂ ਨੂੰ ਕੇਵਲ ਗੁਰੂ ਨਾਨਕ ਨਿਰੰਕਾਰੀ ਸਚੇ ਵੈਦ ਨੇ ਹੀ ਦੇਖਿਆ ਪ੍ਰਖਿਆ ਅਤੇ ਅਤੀ ਕਰਨਾ ਕਰਿ ਰੋਗ ਗ੍ਰਸਤ ਸੰਸਾਰੀ ਜੀਵਾਂ ਉਤੇ ਤਰਸ ਖਾਧਾ, ਅਤੇ ਜਿਸ ਜਿਸ ਵਡਭਾਗੀ ਜੰਤ ਨੇ ਸਚੇ ਵੈਦ ਗੁਰ ਨਾਨਕ ਨਿਰੰਕਾਰੀ ਦੀ ਸਚੀ ਅਉਖਧੀ ਨੂੰ ਗੁਰ ਸੰਜਮੀ ਹਦਾਇਤ ਹੁਕਮ ਅੰਦਰਿ ਖਾਧਾ ਸੋ ਨਿਰਦੋਖ ਹੋ ਗਏ। ਤਿਨਾਂ ਨੂੰ ਬਾਹਿ ਪਕੜਿ ਰੋਗ ਰੂਪੀ ਨਰਕ ਕੁੰਡ ਤੋਂ ਬਾਹਰ ਕਢਿ ਲਿਆ ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ ਯਥਾ ਗੁਰਵਾਕ:—

"ਨਾਨਕ ਹਉਮੈ ਰੋਗ ਬੁਰੇ ॥ ਜਹ ਦੇਖਾ ਤਹ ਏਕਾ
ਬੇਦਨ ਆਪੇ ਬਖਸੈ ਸਬਦਿ ਧੁਰੇ ॥ ੧ ਰਹਾਉ------
ਪਉਣ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥
ਮਾਤਾ ਪਿਤਾ ਮਾਇਆ ਦੇਹ ਸਿਰੋਗੀ ਰੋਗੀ ਕੁਟੰਬ
ਸੰਜੋਗੀ ॥ ੩ ॥ ਰੋਗੀ ਬ੍ਰਹਮਾ ਬਿਸਨੁ ਸਰੁੱਦ੍ਰਾ ਰੋਗੀ



www.AKJ.Org

ਸਗਲ ਸੰਸਾਰਾ ॥ ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥ ੪ ॥ ਰੋਗੀ ਸਾਤ ਸਮੁੰਦ ਸੁ ਨਦੀਆ ਖੰਡ ਪਤਾਲ ਸਿਰੋਗਿ ਭਰੇ ॥ ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ ॥ ੫ ॥ ਰੋਗੀ ਖਟ ਦਰਸ਼ਨ ਭੇਖ ਧਾਰੀ ਨਾਨਾ ਹਠੀ ਅਨੇਕਾ ॥ ਬੇਦ ਕਤੇਬ ਕਰਹਿ ਕਹ ਬਪੁਰੇ ਨਹਿ ਬੂਝਹਿ ਇਕ ਏਕਾ ॥ ੬ ॥ ਮਿਠ ਰਸ ਖਾਇ ਸੁ ਰੋਗ ਭਰੀਜੈ ਕੰਦ ਮੂਲ ਸੁਖੁ ਨਾਹੀ ॥ ਨਾਮੁ ਵਿਸਾਰਿ ਚਲਹਿ ਅਨਮਾਰਗਿ ਅੰਤ ਕਾਲਿ ਪਛੁਤਾਹੀ ॥ ਤੀਰਥ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥ ਦੁਬਿਧਾ ਰੋਗ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜ ਭਇਆ ।੮। ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚੇ ਤਿਸੁ ਰੋਗ ਗਇਆ ॥ ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥"

"ਪਾਰ ਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜ ਰੋਗਹੁ ਕਢਿ ਲਇਆ ॥ ਤੂਟੇ ਬੰਧਨ ਸਾਧ ਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗਿ ਮਿਟਾਇਆ ॥"

"ਅਉਖਧੁ ਨਾਮ ਨਿਰਮਲ ਜਲੁ ਅੰਮ੍ਰਿਤ ਪਾਇਆ ਗੁਰੂ ਦੁਆਰੀ ॥ ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ॥"

ਸ਼ਰਧਾ ਭਾਵਨੀ ਨਾਲ ਉਸ ਅਰਸ਼ੀ ਵੈਦ ਗੁਰੂ ਬਾਬੇ ਦਾ ਅਵਤਾਰ ਗੁਰਪੁਰਬ ਮਨਾਵਣਾ ਕਲਿਆਣਕਾਰੀ ਹੈ। ਜਿਸ ਪ੍ਰਥਾਇ ਸੋਰਠ ਰਾਗ ਵਿਚ ਗੁਰਵਾਕ ਹੈ—

"ਮੇਰਾ ਬੈਦੁ ਗੁਰੂ ਗੋਵਿੰਦਾ"

ਤੇ ਜਿਸ ਨੇ ਹੇਠਲੇ ਗੁਰਵਾਕ ਅਨੁਸਾਰ ਸੰਸਾਰ ਰੋਗੀ ਨੂੰ ਨਾਮ ਦੀ ਅਉਖਧੀ ਦੇ ਕੇ ਮੁਕਤ ਕੀਤਾ। ਯਥਾ—"ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੇ ਜਮ ਕੀ ਫੰਦਾ ॥"



www.AKJ.Org

# ਗੁਰ ਨਾਨਕ ਦਰਸ ਹੁਲਾਸੜੀਆਂ

ਲੇਖਕ ;— ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਬਿਸਮ ਆਕਾਰ ਧਾਰਿ ਆਪਿ ਹੀ ਨਿਰੰਕਾਰ,
ਹੋਇ ਨਿਰੰਕਾਰੀ ਗੁਰੂ ਨਾਨਕ ਕਹਾਏ ਹੈਂ ।
ਏਕ ਮੈਂ ਅਨੇਕ ਫੁਨ ਏਕ ਹੀ ਗੁਰੂ ਸਰੂਪ,
ਇਕ ਨਾ ਅਨਿੱਕ ਗੁਰੂ ਨਾਨਕ ਰੂਪਾਏ ਹੈਂ ।
ਜਲਵ ਜਲਾਲ ਤੇਜ ਤੇਜਸ੍ਰੀ ਜਮਾਲ ਪੁੰਜ,
ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ।੭।

ਆਏ ਹੈਂ ਮਿਤਰ ਮੋਰੇ ਤੇਜਸੀ ਜਮਾਲ ਪੁੰਜ,
ਜਲਵ ਜਲਾਲ ਸੁ ਕਮਾਲ ਦਿਖਰਾਏ ਹੈਂ ।
ਦੇਖਿ ਦੇਖਿ ਦਰਸਨ ਅਕਾਲ ਬਿਕਲ ਭਈ,
ਸੁੱਧਿ ਬੁੱਧਿ ਹੋਸ਼ ਜੋਸ਼ ਸਭਿ ਬਿਸਰਾਏ ਹੈਂ ।
ਬਿਸਰਾਏ ਹੋਸ਼, ਨ ਜੁਸ਼ਾਏ ਜੋਸ਼ ਸ਼ਾਂਤ ਭਈ,
ਮਹਾਂ ਸੁਖ ਮਈ ਸ਼ਾਂਤ ਰਸ ਉਮਗਾਏ ਹੈਂ ।
ਉਮਗਿ ਉਮਗਿ ਰਸ ਟੁਲਿ ਟੁਲਿ ਪੁਲਕਤ,
ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ।੮।



www.AKJ.Org

ਟੁਲਿ ਟਲਿ ਪੁਲਕਤ ਉਮਗਿ ਉਮਗਿ ਰਸੁ,
ਅਜਰ ਜਰਨ ਜੀਉਰਨ ਜੀਉਰਾਏ ਹੈਂ ।
ਜੀਉਰ ਜੀਉਰ ਰਸ ਪੀਉ ਪੀਉ ਖੀਉ ਖੀਉ,
ਖਿਰਨਿ ਖਿਰਨਿ ਖੀਉਰਨ ਖਿਉਰਾਏ ਹੈਂ ।
ਖੀਉਰਿ ਖੀਉਰਿ ਰਸ ਖਿਰਿ ਖਿਰਿ ਬਿਸਮਤ,
ਬਿਸਮਿ ਬਿਸਮਿ ਵਿਗਸਾਤ ਵਿਗਸਾਏ ਹੈਂ ।
ਵਿਗਸਿ ਵਿਗਸਿ ਜੋਤਿ-ਰਸ ਲਿਵ ਲੀਨ ਭਈ,
ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ।੯।

ਮਿਤ੍ਰ ਮੋਰੇ ਆਜ ਭਇਆ ਹੈ ਮੰਗਲ ਸਾਜ,
ਪੂਰਨ ਭਏ ਹੈਂ ਕਾਜ ਕਾਮਨਾ ਪੁਜਾਏ ਹੈਂ ।
ਕਾਮਨਾ ਪੁਜਾਏ ਫਲ ਬਾਂਛਤ ਸਗਲ ਪਾਏ,
ਲਾਲ ਘਰਿ ਆਏ ਗੁਣ ਸੋਹਿਲੜ ਗਾਏ ਹੈਂ ।
ਸੋਹਿਲੜੇ ਗਾਏ ਅਨਹਦ ਬੇਨ ਵਾਏ,
ਘਰਿ ਘਰਿ ਕੀਰਤਨ ਪੁਰਬ ਮਨਾਏ ਹੈਂ ।
ਕੀਰਤਨ ਕਰਿ ਗੁਰਪੁਰਬ ਮਨਾਏ ਘਰਿ,
ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ । ੧੦ ।

ਮੇਰੈ ਘਰਿ ਆਏ ਗੁਰ ਨਾਨਕ ਪਾਵਨ ਵਰ,
ਭਵਨ ਭੰਡਾਰ ਦੁਆਰ ਮੰਦਰ ਸੁਹਾਏਂ ਹੈਂ ।
ਭਵਨ ਭੰਗਾਰ ਬੰਕ ਦੁਆਰੜੇ ਸੁਹਾਏ,
ਗ੍ਰਿਹ ਮੰਦਰ ਬਣਾਏ ਸੇਜ ਸੁੰਦਰ ਸਜਾਏ ਹੈਂ ।
ਸੁੰਦਰ ਮੰਦਰ ਸੌਜ ਮੌਜ ਅਚਰਜ ਅਤਿ,
ਮਹਿੰਮਾ ਮਹੱਤ ਕਛ ਕਥਨ ਨਾ ਜਾਏ ਹੈਂ ।
ਕਥਨ ਅਕੱਥ ਗੱਤਿ ਮਹਿਮਾ ਮਹੱਤ ਗੁਰ,
ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ।੧੧।



www.AKJ.Org

ਪਾਵਨ ਪਵਿਤ੍ਰ ਪੂਜਯ ਪਾਹੁਨੜੇ ਆਏ ਮੋਰੇ,
ਸੀਨੜੇ ਸਜਾਇ ਸੇਜ ਆਸਨ ਜਮਾਏ ਹੈਂ।
ਸੇਜੜੀ ਸਜਾਇ ਰੁਚ ਤਖਤ ਡਸਾਇ ਉਤੇ,
ਅਖੀਆਂ ਵਿਛਾਇ ਪਿਰੀ ਪਾਹੁਨ ਬਿਠਾਇ ਹੈਂ।
ਪਾਹੁਨ ਮਹਿੰਜੇ ਪਿੰਰੀ ਪਾਤਸ਼ਾਹੁ ਆਇ ਵੁਠੇ,
ਵੁੱਠਿ ਵੁੱਠਿ ਤੁੱਠਿ ਤੁੱਠਿ ਮੁਠਨਿ ਮੁਠਾਏ ਹੈਂ।
ਮੁੱਠਿ ਮੁੱਠਿ ਕੁੱਠਿ ਕੁੱਠਿ ਘੁੱਟਿ ਘੁੱਟਿ ਪਿਆਰਿ ਕਰਿ,
ਲੁਟਣ ਲੁਟਾਏ ਮੰਦ ਮੰਦ ਮੁਸਕਾਏ ਹੈਂ। ੧੨।

ਲੋਟ ਪੋਟ ਕਰਿ ਮੰਦ ਮੰਦ ਮੁਸਕਾਏ ਪੀਆ,
ਹੇਲ ਮੇਲ ਕੇਲਿ ਕਰਿ ਬਾਹੁੜੀ ਵਲਾਏਂ ਹੈਂ।
ਬਾਹੁੜੀ ਵਲਾਇਕੈ ਲਡਾਏ ਲਾਡ ਲੁੱਡਿ ਲੁੱਡਿ,
ਵੱਸਿ ਆਇ ਪਿਰ ਫਿਰਿ ਛੁੱਟੇ ਨ ਛੁਟਾਏਂ ਹੈਂ।
ਪੂਰਨ ਪੁਰਖੁ ਗੁਰੂ ਪੂਰਨ ਬਿਰਦਪਾਲ,
ਪੂਰਨ ਪਰੀਤਿ ਰੀਤ ਪੂਰਨ ਪੂਰਾਏ ਹੈਂ।
ਪੂਰਨ ਪੂਰਨਮਾਸਿ ਚੜ੍ਹਿਆ ਅਕਾਸੁ ਚੰਦ,
ਰਿਦੈ ਪਰਕਾਸੁ ਪਰੀਪੂਰਨ ਕਹਾਏ ਹੈਂ। ੧੩।

ਪੂਰਨ ਪ੍ਰਕਾਸ਼ ਪੂਰਾ ਪੁੰਨਿਓਂ ਅਕਾਸਿ ਚੰਦ,
ਘਟਿ ਜੋਤਿ ਦੀਵਟੀ ਸਦੀਵ ਹੀ ਜਗਾਏ ਹੈਂ।
ਦੀਪਕ ਜਗਾਇ ਘਟਿ ਆਰਤੀ ਉਤਰਵਾਇ,
ਆਪਣੀ ਹੀ ਆਪਿ ਗੁਰੂ ਪੂਜਾ ਕਰਵਾਏ ਹੈਂ।
ਸਦ ਨੇ ਬਹਾਰ ਸਸ-ਭਾਨ ਪਰਕਾਸ ਰੁਤਿ,
ਕਾਰਤਕ ਮਾਸ ਗੁਰ ਪੁੰਨਮ ਮਨਾਏ ਹੈਂ।
ਕਾਰਤਕ ਮਾਸ ਗੁਰ ਪੁੰਨਮ ਸਦੀਵ ਤਾਕੇ,
ਜਾਕੇ ਗੁਰ ਨਾਨਕ ਗੋਤੀਸ਼ ਪ੍ਰਗਟਾਏ ਹੈਂ। ੧੪।



www.AKJ.Org

ਪ੍ਰਗਟੇ ਜੋਤੀਸ਼ ਗੁਰੂ ਚਾਨਣੁ ਜਗਤਿ ਭਇਆ,
ਮਿਟ ਗਈ ਧੁੰਦ ਅੰਧਕਾਰ ਬਿਨਸਾਏ ਹੈਂ।
ਸੇ ਦਿਲ ਕਰ ਉਦੇ ਹੋਤ ਉਡਗਨਿ ਛਪਹਿ,
ਧਰਤਿ ਆਕਾਸ ਉਜਿਆਰ ਉਜਰਾਏ ਹੈਂ।
ਮ੍ਰਿਗ ਰਾਜ ਬੁਕੇ ਮਿਰਗਾਵਲੀ ਪਲਾਇ ਜਾਤ,
ਇਕ ਛਿਨ ਪਲ ਭਰ ਧੀਰ ਨ ਧਰਾਏ ਹੈਂ।
ਧੀਰਨ ਧੀਰਾਨ ਗੁਰ ਪੀਰਨ ਪੀਰਾਨ ਗੁਰ,
ਕਲਿਜੁਗ ਮਾਹਿ ਅਵਤਾਰ ਧਾਰ ਆਏ ਹੈਂ। ੧੫।

—o—

## MATRIMONIAL

Amritdhari educated match is wanted for a young man of 28, 5″—6″ living in Canada, have very good earning, working as Tool Maker. Caste unimportant but he belongs to Jat Sikh family. Interested reply air mail to Mr. D. Singh 585, Uni Ave. W. WINDSOR Ont. Canada.



www.AKJ.org

# ☬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਤ੍ਰਿਤੀਆ ਯਾਤਰਾ ☬

ਲੇਖਕ ਭਾਈ ਸੋਹਨ ਲਾਲ ਸਿੰਘ ਜੀ, ਨਵੀਂ ਦਿੱਲੀ

(ਲੜੀ ਨੂੰ ਜੋੜਨ ਵਾਸਤੇ ਦੇਖੋ "ਸੂਰਾ" ਅਕਤੂਬਰ ੧੯੬੯ ਪੰਨਾ ੨੨)

ਪਿਛਲੇ ਲੇਖ ਵਿਚ ਦਸਿਆ ਗਿਆ ਸੀ ਕਿ ਕਿਸਤਰਾ ਸੀ ਗੁਰੂ ਨਾਨਕ ਸਾਹਿਬ ਜੀ ਪਹਾੜੀ ਇਲਾਕੇ ਦੀ ਯਾਤਰਾ ਕਰਦੇ ਹੋਏ ਜੌਹੜ ਸਾਹਿਬ ਪੁਜੇ ਉਥੋਂ ਤਿੰਨ ਕੋਸ ਦੂਰ ਪਹਾੜ ਦੀ ਦਿਸ਼ਾ ਵਿਚ ਇਕ ਪਰਬਤ ਦੀ ਚੋਟੀ ਤੇ ਚਲੇ ਗਏ ਜੋ ਸਮੁੰਦਰ ਤੋਂ 1500 ਫੁਟ ਉਚੀ ਹੈ ਉਸ ਅਸਥਾਨ ਤੇ ਪਾਣੀ ਦੀ ਅਤਿਅੰਤ ਤਰੁਟੀ ਰਹਿੰਦੀ ਸੀ ਇਕ ਭਗਤ ਮਾਹੀ ਨਾਮੇ ਦੇ ਪ੍ਰਾਰਥਨਾ ਕਰਨ ਤੇ ਸ੍ਰੀ ਗੁਰੂ ਜੀ ਨੇ ਅਪਣ ਹਸਤ ਕਮਲਾਂ ਨਾਲ ਉਥੋਂ ਇਕ ਪਥਰ ਕਟ ਕੇ ਇਕ ਜਗ੍ਹਾ ਤੋਂ ਉਖਾੜਿਆ ਅਤੇ ਉਸੀ ਸਮੇਂ ਹੇਠੋਂ ਇਕ ਸੁੰਦਰ ਮਧੁਰ ਨਿਰਮਲ ਜਲ ਦੀ ਕੂਲ ਜਾਰੀ ਹੋ ਗਈ। ਜਲ ਦੇਖ ਕੇ ਉਸ ਅਸਥਾਨ ਦੇ ਵਸਨੀਕ ਅਤਿਅੰਤ ਖੁਸ਼ ਹੋਏ ਕਿਉਂਕੇ ਉਥੇ ਤਿਨ ਤਿਨ ਕੋਸ ਤਕ ਜਲ ਨਹੀਂ ਮਿਲਦਾ ਸੀ ਉਸ ਚਸ਼ਮੇ ਦੇ ਚਾਰੋਂ ਪਾਸੇ ਸੁੰਦਰ ਪਥਰਾਂ ਦੀ ਦੀਵਾਰ ਬਣਾਕੇ ਤਲਾਬ ਦੀ ਸ਼ਕਲ ਵਿਚ ਉਹ ਅਸਥਾਨ ਨੀਯਤ ਕੀਤਾ ਉਸ ਦੀ ਖਬਰਦਾਰੀ ਉਸੀ ਮਾਹੀ ਭਗਤ ਦੇ ਸਪਰਦ ਕੀਤੀ ਅਤੇ ਉਸ ਤਲਾਬ ਦਾ ਨਾਮ ਭਗਤ ਮਾਹੀ ਦੇ ਨਾਉ ਤੇ "ਮਾਹੀ ਸਰ" ਰਖਿਆ। ਪਰੰਪਰਾ ਤੋਂ ਉਹ ਅਸਥਾਨ ਹੁਨ ਤਕ ਮਾਹੀ ਭਗਤ ਦੀ ਅੰਸ ਪਾਸ ਹੈ ਅਤੇ ਹਜਾਰਾਂ ਯਾਤਰੂ ਉਥੇ ਆਉਂਦੇ ਅਤੇ ਕੜਾਹ ਪ੍ਰਸਾਦਿ ਦੀ ਦੇਗ ਕਰਾਂਦੇ ਹਨ। ਐਸੇ ਅਸਥਾਨਾ ਦੀ ਖੋਜ ਕਰਕੇ ਉਥੇ ਗੁਰਮਤ ਦਾ ਪਰਚਾਰ ਕਰਨ ਦੀ ਅਵਸਕਤਾ ਹੈ।

ਉਸ ਤੋਂ ਅਗਾਹ ਚਲ ਕੇ ਸੀ ਗੁਰੂ ਨਾਨਕ ਸਾਹਿਬ ਜੀ ਗੜ੍ਹਵਾਲ ਪਹੁੰਚੇ ਜੋ ਹੁਨ ਡੇਹਰਾਦੂਨ ਦੇ ਨਾਮ ਨਾਲ ਪ੍ਰਸਿਧ ਹੈ। ਉਥੋਂ ਮਨਸੂਰੀ ਚਕਰੋਤਾ ਸ਼ਿਰਿ ਆਦਿ ਸਥਲਾਂ ਵਿਚ ਵਿਚਰਦੇ ਅਤੇ ਉਪਦੇਸ ਕਰਦੇ ਹੋਏ ਉਤਰ ਕਾਂਸ਼ੀ ਵਿਚ ਪੁਜੇ ਜਿਥੇ ਅਨੇਕ ਸਾਧੂ ਸੰਤ ਰਿਸ਼ੀ ਮੁਨੀ ਲੋਗ ਨਿਵਾਸ ਕਰਦੇ ਸੀ। ਐਸੀ ਥਾਂਵਾ ਤੇ ਜਿਥੇ ਆਪਨੇ ਆਪ ਨੂੰ ਧਰਮੀ ਸਦਾਨ ਵਾਲੇ ਲੋਗ ਸਚੇ ਮਾਰਗ ਨੂੰ ਛਡ ਕੇ ਅਨੇਕ ਤਰਾਂ ਦੇ ਭਰਮਾਂ ਵਿਚ ਪੈ ਕੇ ਜੰਤਾ ਨੂੰ ਕੁਰਾਹੇ ਪਾ ਰਹੇ ਸੀ ਉਥੇ ਸਚੇ ਪਾਤਸ਼ਾਹ ਜਰੂਰ ਪਹੁੰਚਦੇ ਸੀ। ਉਸ ਪ੍ਰਾਂਤ ਦੇ ਨਿਵਾਸੀ ਅਕਸਰ ਅਗਨੀ ਜਲ



www.AKJ.Org

ਆਦਿ ਦੇ ਪੂਜਕ ਤਥਾ ਉਪਾਸ਼ਕ ਸੀ। ਉਨ੍ਹਾਂ ਲੋਕਾਂ ਨੂੰ ਗੁਰੂ ਸਾਹਿਬ ਨ ਅਪਨੇ ਸਦ ਉਪਦੇਸ਼ਾਂ ਦੁਆਰਾ ਇਕ ਅਕਾਲ ਪੁਰਖ ਨੂੰ ਮੰਨਣ ਦਾ ਰਸਤਾ ਦੱਸਿਆ। ਉਥੇ ਥੋੜਾ ਚਿਰ ਨਿਵਾਸ ਕਰਕੇ ਆਪ ਜਮਨੋਤ੍ਰੀ ਤਥਾ ਗੰਗੋਤ੍ਰੀ ਸੀ ਨਗਰ ਇਤ ਆਦਿ ਸਥਲਾਂ ਨੂੰ ਦੇਖਦੇ ਹੋਏ ਬਦਰੀਨਾਰਾਇਣ ਜਾ ਪਹੁਚੇ ਜੋ ਹਿੰਦੂਆਂ ਦਾ ਬਹੁਤ ਭਾਗ ਤੀਰਥ ਅਸਥਾਨ ਹੈ। ਉਥੋਂ ਦੇ ਰਹਿਨ ਵਾਲੇ ਬ੍ਰਾਹਮਣਾ ਅਤੇ ਸੰਤਾਂ ਮਹੰਤਾਂ ਨੂੰ ਅਪਨੇ ਉਪਦੇਸ਼ਾਂ ਦੁਆਰਾ ਸਨਮਾਰਗ ਵਿਚ ਲਗਾ ਕੇ ਭੀਮਕੋਟ ਨਾਮਕ ਪ੍ਰਸਿਧ ਪਹਾੜ ਪਰ ਜਾ ਬਿਰਾਜੇ। ਉਸ ਸੁੰਦਰ ਪਰਬਤ ਦੀਆਂ ਸਾਤੋਂ ਚੋਟੀਆਂ ਦਾ ਨਿਰੀਕਸ਼ਣ ਕਰਨ ਤੋਂ ਪਸਚਾਤ ਆਪ ਰਾਣੀਖੇਤ ਅਲਮੋੜਾ ਹੁੰਦੇ ਹੋਏ ਨੈਨੀਤਾਲ ਜਾ ਪਹੁੰਚੇ ਅਤੇ ਉਸ ਪ੍ਰਾਂਤ ਦੇ ਇਕ ਜੰਗਲ ਵੈਰਾਨ ਵਿਚ ਜੋ ਗੋਰਖਮਤਾ ਦੇ ਨਾਮ ਨਾਲ ਪ੍ਰਸਿਧ ਸੀ ਅਤੇ ਜਿਥੇ ਕਨਫਟੇ ਯਗੀ ਲੋਗ ਰਿਹਾ ਕਰਦੇ ਸੀ ਉਥੇ ਚਲੇ ਗਏ। ਉਹ ਜੋਗੀ ਲੋਗ ਆਪਨੇ ਆਪ ਨੂੰ ਸਿਧ ਮੰਨਦੇ ਸੀ। ਉਨ੍ਹਾ ਲਕਾਂ ਨਾਲ ਗੁਰੂ ਸਾਹਿਬ ਜੀ ਦੀ ਬਹੁਤ ਚਰਚਾ ਹੋਈ। ਉਨ੍ਹਾਂ ਨੇ ਅਪਨੀ ਅਪਨੀ ਸ਼ਕਤੀ ਦਾ ਪ੍ਰਦਰਸ਼ਨ (ਦਿਖਾਵਾ) ਕੀਤਾ। ਪ੍ਰੰਤੂ ਗੁਰੂ ਸਾਹਿਬ ਜੀ ਦੇ ਅਗੇ ਕਿਸੇ ਦੀ ਸ਼ਕਤੀ ਨੇ ਕੰਮ ਨ ਕੀਤਾ॥ ਅੰਤ ਵਿਚ ਸਭੀ ਸ਼ਾਂਤ ਹੋ ਕੇ ਬੈਠ ਗਏ।

ਉਸ ਅਸਥਾਨ ਦਾ ਨਾਉ ਨਾਨਕ ਮਤਾ ਰਖਿਆ ਗਿਆ ਜੋ ਹੁਨ ਤਕ ਪ੍ਰਸਿਧ ਹੈ॥ ਨਾਨਕ ਮਤਾ ਵਿਚ ਹੁਨ ਤਕ ਨਾਨਕ ਪੰਥੀ ਸਾਧੂ ਲੋਗ ਨਿਵਾਸ ਕਰਦੇ ਹਨ॥

ਉਸ ਅਸਥਾਨ ਤੋਂ ਤੀਸ ਕੋਸ ਅਗੇ ਚਲ ਕੇ ਸ੍ਰੀ ਗੁਰੂ ਸਾਹਿਬ ਜੀ ਪੀਲੀ ਭੀਤ ਪਹੁੰਚੇ। ਉਥੇ ਇਕ ਰੀਠੇ ਦੇ ਬ੍ਰਿਛ ਦੀ ਛਾਂਉ ਤਲੇ ਜਾ ਬੈਠੇ। ਉਹ ਵੀ ਕਨਫਟੇ ਫਕੀਰਾਂ ਦਾ ਸਥਾਨ ਸੀ ਉਹ ਸਾਰੇ ਸੁਣ ਕੇ ਗੁਰੂ ਸਾਹਿਬ ਜੀ ਪਾਸ ਆਏ ਅਤੇ ਅਪਨੀ ਅਪਨੀ ਸਿੱਧੀ ਦਿਖਲਾਨ ਲਗੇ। ਪ੍ਰੰਤੂ ਸ੍ਰੀ ਗੁਰੂ ਜੀ ਦੇ ਸਾਹਮਨੇ ਕੁਛ ਉਨ੍ਹਾਂ ਦੀ ਪੇਸ਼ ਨ ਗਈ ਅਤੇ ਕੁਛ ਨ ਦਿਖਲਾ ਸਕੇ। ਸ੍ਰੀ ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿਤਾ ਅਤੇ ਕਿਹਾ ਕਿ ਰਿਧੀ ਸਿਧੀ ਤਾਂ ਪਰਮੇਸ਼ੁਰ ਦੇ ਨਾਮ ਵਿਚ ਹੈ। ਤੁਸੀ ਉਸ ਤੋਂ ਬੇਮੁਖ ਹੋ ਕੇ ਜਿਥੇ ਭੀ ਖੋਜੋਗੇ ਸਿਧੀ ਨਹੀਂ ਮਿਲੇਗੀ॥ ਕਨਫਟਿਆਂ ਨੇ ਕਿਹਾ ਪ੍ਰਮੇਸ਼ੁਰ ਦਾ ਨਾਮ ਤਾਂ ਅਨੇਕ ਲੋਕ ਜਪਿਆ ਕਰਦੇ ਹਨ ਸਾਰੇ ਸਿਧ ਤਾਂ ਨਹੀਂ ਹੋ ਜਾਂਦੇ। ਗੁਰੂ ਸਾਹਿਬ ਜੀ ਨੇ ਫੁਰਮਾਇਆ ਕਿ ਨਾਮ ਗੁਰੂ ਦੁਆਰਾ ਗੁਰਮਤਿ ਅਨੁਸਾਰ ਜਪਨਾ ਚਾਹੀਏ। ਕਨਫਟਿਆਂ ਨੇ ਆਖਿਆ ਆਪ ਨੇ ਗੁਰੂ ਦੁਆਰਾ ਗੁਰਮਤਿ ਅਨੁਸਾਰ ਹੀ ਜਪਿਆ ਹੋਵੇਗਾ। ਗੁਰੂ ਸਾਹਿਬ ਨੇ ਕਿਹਾ ਹਾਂ ਭਾਈ ਅਸਾਂ ਤਾਂ ਗੁਰਦੁਆਰਾ ਹੀ ਜਪਿਆ ਹੈ॥ ਕਨਫਟਿਆ ਨੇ ਕਿਹਾ ਤੋਂ ਫਿਰ ਆਪ ਯਿਹ ਸਿਧੀ ਦਿਖਲਾਈਏ। ਸ੍ਰੀ ਗੁਰੂ ਜੀ ਨੇ ਪੁਛਿਆ ਕਿ ਆਪ ਲੋਗ ਕੀਹ ਦੇਖਨਾਂ ਚਾਹੰਦੇ ਹੋ ਕਨਫਟਿਆਂ ਨੇ ਕਿਹਾ ਕਿ ਇਸ ਰੀਠੇ ਕੇ ਬ੍ਰਿਛ ਨੂੰ ਤਾਂ ਮੀਠਾ ਕਰ ਦੀਜੀਏ ਲੋਗੋਂ ਕੇ ਖਾਨੇ ਕੇ ਕਾਮ ਆਵੇਗਾ। ਅਤੇ ਆਪ ਦੀ ਯਾਦਗਾਰ ਭੀ ਰਹੇਗੀ। ਫਿਰ ਸ੍ਰੀ ਗੁਰੂ ਜੀ ਨੇ ਰੀਠੇ ਦੇ ਬ੍ਰਿਛ ਦੀ ਤਰਫ ਦ੍ਰਿਸ਼ਟੀ ਕੀਤੀ ਅਤੇ ਕਿਹਾ ਕਿ ਇਹ ਤਾਂ ਮੀਠਾ ਹੀ ਹੈ। ਕਨਫਟੀਆਂ ਨੇ ਕਿਹਾ, ਹੈ ਨਹੀਂ ਪ੍ਰੰਤੂ ਆਪ ਕਰ ਦਿਉ ਤਾਂ ਅਸੀਂ ਮੰਨ ਜਾਂਗੇ। ਸ੍ਰੀ ਗੁਰੂ ਜੀ ਨੇ ਕਿਹਾ ਹੈ ਤੋ ਸਹੀ। ਉਸੀ ਸਮੇਂ ਭਾਈ ਮਰਦਾਨਾ ਜੀ ਨੂੰ ਕਹਿ ਕੇ ਉਸ ਰੀਠੇ ਦੇ ਫਲ ਤੁੜਵਾ ਕੇ ਸਾਧੂ ਲੋਗਾਂ ਵਿਚ ਵੰਡੇ



www.AKJ.Org

ਲੋਗਾਂ ਵਿਚ ਵੰਡੇ । ਸਭ ਨੇ ਖਾ ਕੇ ਦੇਖੇ ਤਾਂ ਸਭ ਨੂੰ ਮੀਠਾ ਮਧੁਰ ਸ੍ਵਾਦ ਮਿਲਿਆ । ਸਾਧੂ ਲੋਗ ਦੰਗ ਰਹਿ ਗਏ । ਅਤੇ ਫਿਰ ਸ੍ਰੀ ਗੁਰੂ ਜੀ ਦੇ ਉਪਦੇਸ਼ ਸੁਣ ਕੇ ਨਿਹਾਲ ਨਿਹਾਲ ਹੋਏ । ਉਸ ਜਗਾਹ ਉਸ ਬ੍ਰਿਛ ਦਾ ਰੀਠਾ ਹੁਣ ਤਕ ਮਿੱਠਾ ਹੀ ਚਲਾ ਆਉਂਦਾ ਹੈ । ਜੋ ਯਾਤਰੂ ਲੋਗ ਉਥੇ ਜਾਂਦੇ ਹਨ ਪ੍ਰਸ਼ਾਦ ਦੇ ਤੋਰ ਤੇ ਉਸ ਰੀਠੇ ਦਾ ਫਲ ਜਰੂਰ ਲਿਆਉਂਦੇ ਹਨ ।

ਉਥੋਂ ਚਲ ਕੇ ਸ੍ਰੀ ਗੁਰੂ ਜੀ ਸ਼ਹਿਰ ਗੋਰਖਪੁਰ ਪਹੁੰਚੇ । ਉਥੇ ਅਨੇਕ ਲੋਗ ਭੂਤ ਪ੍ਰੇਤ ਆਦਿ ਨੂੰ ਮੰਨਦੇ ਅਤੇ ਉਨ੍ਹਾਂ ਦੀ ਪੂਜਾ ਕਰਦੇ ਸੀ । ਉਨ੍ਹਾਂ ਲੋਕਾਂ ਨੂੰ ਸਚੇ ਪਾਤਸ਼ਾਹ ਨੇ ਆਪਣੇ ਸਚ ਉਪਦੇਸ਼ਾਂ ਦੁਆਰਾ ਸਚੇ ਪਰਮੇਸ਼ੁਰ ਦੇ ਮਾਰਗ ਤੇ ਲਗਾਇਆ ਅਤੇ ਬੇਅਰਥ ਕਰਮਾਂ ਤੋਂ ਮੁਕਤ ਕੀਤਾ ।

ਉਥੋਂ ਚਲ ਕੇ ਖਾਂਚੀ ਝੀਲ ਮਾਨਸਰੋਵਰ ਕ੍ਰਿਸ਼ਨ ਤਾਲ ਇਤਆਦਿ ਪ੍ਰਾਤਾਂ ਵਿਚ ਵਿਚਰਦੇ ਅਤੇ ਉਪਦੇਸ਼ ਕਰਦੇ ਹੋਏ ਸਚੇ ਪਾਤਸਾਹ ਫਾਗਨ ਮਾਸ ਸੰਮਤ ੧੫੭੧ ਬਿਕ੍ਰਮੀ ਵਿਚ ਕੋਹ ਧੋਲਾ ਗੜ੍ਹ ਦੇ ਰਸਤੇ ਹੂੰਦੇ ਹੋਏ ਮੁਲਕ ਨੈਪਾਲ ਦੀ ਰਾਜਧਾਨੀ ਪਸ਼ੂ ਪਤੀ ਮਹਾਦੇਵ ਦੇ ਅਸਥਾਨ ਤੇ ਜਾ ਬਿਰਾਜੇ । ਉਸ ਦੇਸ ਦੇ ਅਨੇਕ ਲੋਗਾਂ ਨੂੰ ਆਪਣੇ ਸਚ ਉਪਦੇਸ਼ਾਂ ਨਾਲ ਕ੍ਰਿਤਾਰਥ ਕੀਤਾ । ਉਸ ਅਸਥਾਨ ਤੇ ਹੁਨ ਤਕ ਇਕ ਗੁਰ ਅਸਥਾਨ ਆਪ ਜੀ ਦਾ ਆਗਮਨ ਸਮਾਰਕ ਬਨਿਆ ਹੋਇਆ ਹੈ । ਉਦਾਸੀਨ ਸਾਧੂ ਲੋਕ ਉਸ ਵਿਚ ਨਿਵਾਸ ਕਰਦੇ ਹਨ ।

ਉਥੋਂ ਚਲ ਕੇ ਸਚੇ ਪਾਤਸ਼ਾਹ ਲਾਲਤਾ ਪੱਟੀ ਤਥਾ ਕੋਹ ਪੋਰਸ਼ਟ ਤੋਂ ਹੁੰਦੇ ਹੋਏ ਸਿਕਮ ਦੇਸ ਵਿਚ ਜਾਇ ਬਿਰਾਜੇ । ਅਤੇ ਉਸ ਮੁਲਕ ਦੇ ਇਕ ਸ਼ਹਿਰ ਤਾਮ ਲੂੰਗਰ ਦੇ ਪਾਸ ਇਕ ਜੰਗਲ ਵਿਚ ਪਰਬਤ ਦੇ ਇਕ ਟਿੱਲੇ ਤੇ ਪੁਜੇ । ਉਸ ਜਗਾਹ ਆਸਨ ਜਮਾ ਲਿਆ ਅਤੇ ਭਾਈ ਮਰਦਾਨਾ ਜੀ ਨੂੰ ਸ਼ਬਦ ਗਾਇਨ ਕਰਨ ਦੀ ਆਗਿਆ ਦਿਤੀ ਅਤੇ ਆਪ ਭੀ ਸ਼ਬਦ ਉਚਾਰਨ ਲਗੇ ।

ਦੇਵੀ ਸ਼ਕਤੀ ਨਾਲ ਕੁਝ ਐਸਾ ਪਰਭਾਵ ਪਿਆ ਕਿ ਉਸ ਜੰਗਲ ਦੇ ਦੂਰ ਦੂਰ ਦੇ ਪਸ਼ੂ ਪੰਛੀ ਮ੍ਰਿਗ ਜਾਨਵਰ ਉਸ ਸ਼ਬਦ ਦੀ ਧਨੀ ਸ੍ਰਵਨ ਕਰਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਸ ਪਾਸ ਆਨ ਜਮਾ ਹੋਏ । ਇਸ ਬਚਿਤ੍ਰ ਲੀਲਾ ਨੂੰ ਉਸ ਅਸਥਾਨ ਦੇ ਬਹੁਤ ਸਾਰੇ ਲੋਕਾਂ ਨੂੰ ਸੁਨਿਆ ਅਤੇ ਆਪਨੀ ਅਖੀ ਦੇਖ ਕੇ ਬਹੁਤ ਹੈਰਾਨ ਹੋਏ ਅਤੇ ਆਪ ਵੀ ਗੁਰੂ ਸਾਹਿਬ ਦੇ ਸ਼ਬਦ ਸੁਣ ਕੇ ਅਤਿ ਪ੍ਰਸੰਨ ਹੋਏ । ਹੁਨ ਤਕ ਉਸ ਪ੍ਰਾਂਤ ਦੇ ਸਭ ਲੋਗ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਹੀ ਅਪਣਾ ਗੁਰੂ ਤਥਾ ਪੀਰ ਮੰਨਦੇ ਹਨ । ਗੁਰੂ ਸਾਹਿਬ ਦੀ ਉਚਾਰਨ ਕੀਤੀ ਹੋਈ ਬਾਣੀ ਨੂੰ ਅਪਣੀ ਬੋਲੀ ਵਿਚ ਬਨਾ ਕੇ ਹੁਣ ਤਕ ਪਾਠ ਕਰਦੇ ਹਨ ।

ਉਥੋਂ ਚਲ ਕੇ ਸ੍ਰੀ ਗੁਰੂ ਜੀ ਕੋਹ ਕੰਚਨ ਜੰਗਾ ਹੁੰਦੇ ਹੋਏ ਦਾਰਜੀਲਿੰਗ, ਯਾਰੂ ਇਤਿ ਆਦਿ ਸ਼ਹਿਰਾਂ ਵਿਚ ਦੀ ਗੁਜ਼ਰਦੇ ਹੋਏ ਦੇਸ ਭੂਟਾਨ ਵਿਚ ਟਾਸੀ ਸੋਡਲ ਰਾਜਧਾਨੀ ਵਿਚ ਜਾ ਬਿਰਾਜੇ ਅਤੇ ਉਥੇ ਭੀ ਸਿਕਮ ਦੇਸ਼ ਦੀ ਤਰਹ ਉਥੋਂ ਦੇ ਲੋਗਾਂ ਨੇ ਗੁਰੂ ਸਾਹਿਬ ਦਾ ਤੇਜ ਪ੍ਰਤਾਪ ਅਤੇ ਮਾਨਸਿਕ ਬਲ ਦੇਖ ਕੇ ਉਨ੍ਹਾਂ ਦੇ ਸਚ ਉਪਦੇਸ਼ਾਂ ਨੂੰ ਬੜੇ ਗਹੁ ਨਾਲ ਸੁਨਿਆ ਅਤੇ ਸਭ ਲੋਗ ਭਗਤ ਬਨ ਗਏ । ਪ੍ਰਤਿਉਕਤ ਲਾਮਾ ਗੁਰੂ ਜੋ ਕਿ ਸਦਾ ਇਸ



www.AKJ.Org

ਦੇਸ਼ ਵਿਚ ਪੀਰ ਤਥਾ ਮੁਰਸ਼ਦ ਮੰਨਿਆ ਜਾਂਦਾ ਹੈ ਉਹ ਭੀ ਸ੍ਰੀ ਗੁਰੂ ਜੀ ਦੇ ਦਰਸ਼ਨ ਵਾਸਤੇ ਆਇਆ ਅਤੇ ਆਪ ਜੀ ਦੇ ਉਪਦੇਸ਼ਾਂ ਨੂੰ ਸੁਣ ਕੇ ਬਹੁਤ ਪ੍ਰਸੰਨ ਹੋਇਆ ਅਤੇ ਉਨ੍ਹਾਂ ਦਾ ਬਹੁਤ ਸਨਮਾਨ ਕਰਨ ਲਗਾ । ਉਸ ਨੇ ਗੁਰੂ ਸਾਹਿਬ ਦੀ ਬਾਣੀ ਦਾ ਅਪਨੀ ਭੂਟਾਨੀ ਬੋਲੀ ਵਿਚ ਉਲਥਾ ਕੀਤਾ ਅਤੇ ਉਸ ਨੂੰ ਸਨਮਾਨ ਨਾਲ ਆਪਨੇ ਪਾਸ ਰਖ ਲਿਆ । ਉਸ ਦੇਸ਼ ਦੇ ਬਹੁਤ ਲੋਗ ਹੁਨ ਤਕ ਉਸ ਬਾਣੀ ਦਾ ਪਾਠ ਕਰਦੇ ਹਨ । ਉਸ ਸ਼ਹਿਰ ਵਿਚ ਜਿਥੇ ਗੁਰੂ ਸਾਹਿਬ ਜੀ ਠਹਿਰੇ ਸੀ ਉਨ੍ਹਾਂ ਦੀ ਯਾਤਰਾ ਦਾ ਸਮਾਰਕ ਗੁਰ ਅਸਥਾਨ ਬਨਿਆ ਹੋਇਆ ਹੈ ਅਤੇ ਉਹ ਅਸਥਾਨ ਹੁਨ ਤਕ ਨਾਨਕੀ ਪੀਰ ਦੇ ਨਾਮ ਨਾਲ ਮਸਹੂਰ ਹੈ ।

ਉਥੋਂ ਚਲ ਕੇ ਗੁਰੂ ਸਾਹਿਬ ਜੀ ਪਹਾੜੀ ਜੰਗਲਾਂ ਦੇ ਰਸਤੇ ਅਨੇਕ ਸਾਧੂ ਸੰਤ ਰਿਸ਼ੀ ਮੁਨੀ ਲੋਗਾਂ ਨੂੰ ਮਿਲਦੇ ਹੋਏ ਸਹਿਰ ਝੀਲ ਪਲਟੀ, ਬ੍ਰਹਮ ਕੰਦ, ਡੇਹਰਾ ਗੜ੍ਹ, ਸ਼ਿਵਪੁਰ, ਰਾਣੀ ਗੰਜ ਇਤਿਆਦਿ ਨਗਰਾਂ ਨੂੰ ਦੇਖਦੇ ਹੋਏ ਮਿਥਲਾ ਪ੍ਰਾਂਤ ਵਿਚ ਸ਼ਹਿਰ ਜਨਕਪੁਰ ਜਾ ਬਿਰਾਜੇ । ਉਸ ਜਗਾਹ ਤੇ ਵੀ ਕੇਈ ਅਧਿਕਾਰੀ ਲੋਗਾਂ ਨੂੰ ਅਪਨੇ ਸਦ ਉਪਦੇਸ਼ਾਂ ਦੁਆਰਾ ਕ੍ਰਿਤਾਰਥ ਕੀਤਾ ।

ਇਸ ਇਤਿਹਾਸ ਤੋਂ ਮਲੂਮ ਹੁੰਦਾ ਹੈ ਕਿ ਸੱਚੇ ਪਾਤਸ਼ਾਹ ਜਿਸ ਦੇਸ਼ ਵਿਚ ਜਾਂਦੇ ਸੀ ਉਨ੍ਹਾਂ ਲੋਗਾਂ ਨੂੰ ਉਸੇ ਦੇਸ਼ ਦੀ ਬੋਲੀ ਵਿਚ ਹੀ ਉਪਦੇਸ਼ ਕਰਦੇ ਸੀ । ਗੁਰੂ ਸਾਹਿਬ ਦਾ ਉਪਦੇਸ ਇਕ ਸਾਂਝਾ ਉਪਦੇਸ਼ ਹੁੰਦਾ ਸੀ ਅਤੇ ਉਨ੍ਹਾਂ ਦਾ ਨਾਦ ਸੁਨਨ ਵਾਸਤੇ ਨਾ ਸਿਰਫ ਇਨਸਾਨ ਬਲਕਿ ਪਸੂ ਪੰਛੀ ਮ੍ਰਿਗ ਆਦ ਸਭ ਜੀਵ ਜੰਤ ਗੁਰੂ ਸਾਹਿਬ ਦੇ ਇਰਦ ਗਿਰਦ ਆਨ ਇਕੱਠੇ ਹੁੰਦੇ ਸੀ ।

ਇਹ ਇਤਿਹਾਸ ਇਕ ਨਿਰਮਲੇ ਸਾਧੂ ਦੇ ਹਿੰਦੀ ਵਿਚ ਲਿਖੇ ਦਾ ਉਲਥਾ ਹੈ ਜੋ ਉਸ ਸਜਨ ਨੇ ਅਜ ਤੋਂ ਕਰੀਬਨ ਸੌ ਸਾਲ ਪਹਿਲੇ ਲਿਖਿਆ ਸੀ ਉਹ ਸਜਨ ਇਤਿਹਾਸ ਕਾਰ ਸੀ ਅਤੇ ਇਹ ਇਤਿਹਾਸ ਸਾਰਾ ਮੁਕੱਮਲ ਕਰਨ ਤੋਂ ਬਾਹਦ ਅਕਾਲ ਚਲਾਨਾ ਕਰ ਗਿਆ ਸੀ । ਉਸ ਤੋਂ ਢੇਰ ਚਿਰ ਪਿਛੋਂ ਉਸ ਦੇ ਚੇਲਿਆਂ ਨੇ ਹਿੰਮਤ ਕਰਕੇ ਸੰਨ ੧੯੨੫ ਵਿਚ ਇਹ ਇਤਿਹਾਸ ਹਿੰਦੀ ਵਿਚ ਛਪਵਾ ਦਿਤਾ । ਪਰ ਹੁਨ ਇਹ ਪੁਸਤਕ ਮਿਲਨੀ ਬਹੁਤ ਕਠਨ ਹੈ । ਦਾਸ ਨੂੰ ਬਨਾਰਸ ਰਹਿੰਦਿਆ ਇਕ ਸਜਣ ਪਾਸੋਂ ਥੋੜੇ ਦਿਰ ਵਾਸਤੇ ਪ੍ਰਾਪਤ ਹੋ ਗਈ ਸੀ ਅਤੇ ਦਾਸ ਨੇ ਜਿਤਨਾ ਹੋ ਸਕਿਆ ਉਸਦਾ ਉਲਥਾ ਪੰਜਾਬੀ ਵਿਚ ਕਰ ਲੀਤਾ ਸੋ "ਸੂਰਾ" ਰਾਹੀਂ ਆਪ ਦੀ ਭੇਟਾ ਕਰ ਦਿਤਾ ਹੈ ॥

—o – o—



www.AKJ.Org

# ਕਿਵੁ ਸਚਿਆਰਾ ਹੋਈਐ

(ਵਲੋਂ :- ਭਾਈ ਗੁਰਚਰਨ ਸਿੰਘ ਜੀ (ਰੀਸਰਚ ਸਕਾਲਰ) ਐਮ. ਏ. (ਪੰਜਾਬੀ ਅਤੇ ਧਰਮ)

ਦੁਨੀਆਂ ਦੇ ਸਾਰੇ ਧਾਰਮਕ ਗ੍ਰੰਥ ਇਸ ਵਿਚਾਰ ਦੇ ਧਾਰਨੀ ਹਨ ਕਿ ਜੀਵਆਤਮਾਂ ਪਰਮਾਤਮਾ ਦੀ ਅੰਸ਼ ਹੈ। ਇਸ ਦਾ ਭਾਵ ਇਉਂ ਲਿਆ ਜਾਂਦਾ ਹੈ ਕਿ ਰਬ ਤੇ ਜੀਵ ਦੀ ਅੰਸ ਤੇ ਵੰਸ ਇਕੋ ਹੀ ਹੈ। ਜੇ ਰਬ ਕੁੱਲ ਹੈ ਤਾਂ ਜੀਵ ਜੁੱਜ ਹੈ। ਜੇ ਪ੍ਰਭੂ ਸਾਗਰ ਹੈ ਤਾਂ ਜੀਵ ਬੂੰਦ ਹੈ।

ਅਕਾਲ ਪੁਰਖ ਦੇ ਅਨੇਕਾਂ ਬਣਾਏ ਹੋਏ ਨਿਅਮਾਂ ਵਿਚ ਇਕ ਨਿਯਮ ਇਹ ਵੀ ਹੈ ਕਿ ਜੁੱਜ ਕੁਲ ਵਲ ਜਾ ਰਿਹਾ ਹੈ, ਕਿਉਂਕਿ ਜ਼ੁੱਜ ਕੁੱਲ ਵਿਚੋਂ ਨਿਕਲਿਆ ਹੈ। ਇਸੇ ਨਿਯਮ ਦੇ ਅਧੀਨ ਪਾਣੀ ਦੀ ਬੂੰਦ ਜੋ ਕਿਸੇ ਉਪਾਧੀ ਜਾਂ ਗਲਤੀ ਕਰਕੇ ਆਪਣੇ ਸੋਮੇ ਸੁਹਸਾਗਰ ਤੋਂ ਵਿਛੜ ਗਈ ਹੈ, ਭਾਫ ਬਨਕੇ, ਬਦਲ ਬਣਕੇ, ਮੀਹ ਬਣਕੇ ਪਹਾੜਾਂ ਨਾਲ ਟਕਰਾਉਂਦੀ ਹੋਈ, ਨਦੀਆਂ ਨਾਲਿਆਂ ਦੇ ਰੂਪ ਵਿਚ, ਪਹਾੜਾ ਵਿਚੋਂ ਠੋਕਰਾਂ ਖਾਂਦੀ ਹੋਈ ਉਚੇ ਨੀਵੇਂ ਮੈਦਾਨਾ ਨੂੰ ਧੋਂਦੀ ਹੋਈ ਦਿਨ ਰਾਤ ਵਹਿ ਕੇ ਸਾਗਰ ਵਿਚ ਹੀ ਜਾਕੇ ਸਮਾਉਂਦੀ ਹੈ ਕਿਉਂਕਿ ਉਨਾਂ ਨੂੰ ਪੂਰਨ ਖੁਸ਼ੀ, ਪੂਰਨ ਅਨੰਦ ਤਾਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਉਹ ਆਪਣੇ ਸੋਮੇ ਸਹੁ-ਸਾਗਰ ਵਿਚ ਜਾ ਰਲਦੀ ਹੈ।

ਬੂੰਦ ਦਾ ਆਪਣੇ ਸੋਮੇ ਸਹੁਸਾਗਰ ਵਿਚ, ਜੀਵਆਤਮਾ ਦਾ ਪਰਮਾਤਮਾ ਵਿਚ ਰਲਣਾ ਕੀ ਹੈ, ਆਪਣੇ ਆਪ ਨਾਲ ਸੱਚੇ ਹੋਣਾ, ਆਪਣੇ ਸਹੁ ਨਾਲ ਸੱਚੇ ਹੋਣਾ, ਆਪਣੇ ਪਰਮੇਸ਼ਰ ਨਾਲ ਸੱਚੇ ਹੋਣਾ।

ਪਰ ਪ੍ਰਸ਼ਨ ਉਠਦਾ ਹੈ ਕਿ ਅਸੀਂ ਕਿਵੇਂ ਸੱਚੇ ਹੋਈਏ ਆਪਣੇ ਆਪ ਨਾਲ, ਆਪਣੇ ਗੁਰੂ ਨਾਲ, ਆਪਣੇ ਸੋਮੇ ਪਰਮੇਸ਼ਰ ਨਾਲ? ਅਸੀਂ ਗੁਰੂ ਪਰਮੇਸ਼ਰ ਦੀ ਦ੍ਰਿਸਟੀ ਵਿਚ ਕਿਵੇਂ ਸਚਿਆਰ ਬਣੀਏ? ਇਸੇ ਵਿਚਾਰ ਨੂੰ ਗੁਰੂ ਨਾਨਕ ਪਾਤਸ਼ਾਹ ਪ੍ਰਸ਼ਨ ਦੇ ਰੂਪ ਵਿਚ ਇਉਂ ਫਰਮਾਉਂਦੇ ਹਨ... ...।



www.AKJ.Org

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲ ॥
ਫਿਰ ਆਪ ਹੀ ਉਤਰ ਦਿੰਦੇ ਹਨ
ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲ ॥

ਸਾਡੇ ਵਿਚਾਰਨ ਯੋਗ ਵਿਸ਼ਾ ਇਹ ਹੈ ਕਿ ਸਚਿਆਰ ਬਨਣ ਲਈ ਉਹ ਕਿਹੜੇ ਹੁਕਮ ਹਨ ਅਤੇ ਜੋ ਧੁਰੋਂ ਨਾਲ ਵੀ ਲਿਖੇ ਹੋਏ ਹਨ, ਜਿਨ੍ਹਾਂ ਅਨੁਸਾਰ ਜੀਵਨ ਬਿਤਾ ਕੇ ਜਗਿਆਸੂ ਸਚਿਆਰ ਪਦਵੀ ਪਰਾਪਤ ਕਰ ਸਕਦਾ ਹੈ ।

ਇਹ ਵਿਚਾਰਨ ਤੋਂ ਪਹਿਲਾ ਕਿ ਕਿਹੜੇ ਹੁਕਮ ਪਾਲਨ ਵਿਚ ਲਿਆਉ'ਣ ਨਾਲ ਮਨੁਖ ਸਚਿਆਰ ਬਣ ਸਕਦਾ ਹੈ — ਹੁਕਮ ਸ਼ਬਦ ਦਾ ਅਖਰੀ ਅਰਥ ਜਾਣ ਲੈਣਾ ਜ਼ਰੂਰੀ ਹੈ ।

ਹੁਕਮ ਅਰਬੀ ਭਾਸ਼ਾ ਦਾ ਸ਼ਬਦ ਹੈ ਜੋ ਮੁਸਲਮਾਨਾਂ ਦੀ ਆਂਵਦ ਨਾਲ ਫਾਰਸੀ ਬੋਲੀ ਰਾਹੀਂ ਪੰਜਾਬੀ ਵਿਚ ਅਪਣਾਇਆ ਗਿਆ ਹੈ । ਹੁਕਮ ਦੇ ਅਰਥ ਹਨ - ਰਬੀ ਫੁਰਮਾਨ ਜਾਂ ਰਬੀ ਆਗਿਆ । ਮੁਸਲਮਾਨਾਂ ਦੀ ਪਵਿਤਰ ਪੁਸਤਕ ਅਲ ਕੁਰਾਨ ਵਿਚ ਇਹ ਦੋਂਵੇ ਭਾਵ ਲਏ ਗਏ ਹਨ । ਮੁਸਲਮਾਨੀ ਮਤ ਵਿਚ ਜਿਥੇ ਰਸੂਲ ( Prophet ) ਦਾ ਭਾਵ ਪੈਗੰਬਰ ਤੋਂ ਲਿਆ ਜਾਂਦਾ ਹੈ, ਉਥੇ ਨਾਲ ਹੀ ਰਸੂਲ ਦਾ ਭਾਵ ਹੁਕਮ ਭੀ ਹੈ ।

ਹੁਕਮ ਤੋਂ ਭਾਵ ਪਰਮੇਸ਼ਰ ਦੀ ਸਰਬ ਪਖੀ ਆਗਿਆ ( over all order of God ) ਇਹ ਹੁਕਮ ਕੀ ਹੈ ਪ੍ਰਭੂ ਦੇ ਆਦੇਸ਼ਾਂ ਦਾ ਸਮੂੰਹ, ਪ੍ਰਭੂ ਦੇ ਨਿਯਾਮਾਂ ਦਾ ਇੱਕਠ । ਪ੍ਰਭੂ ਦੇ ਇਹ ਨਿਯਮ ਹਰ ਕਾਲ ਵਿਚ ਭੌਤਿਕ, ਸਦਾਚਾਰਕ ਅਤੇ ਆਤਮਕ ਪਧੱਰ ਉਤੇ ਸੱਚ ਹਨ । ਉਪਨਿਸ਼ਦਾ ਵਿਚ ਹੁਕਮ ਵਾਸਤੇ ਪਰਸ਼ਾਸ਼ਨ ਸ਼ਬਦ ਵਰਤਿਆ ਹੈ । ਬ੍ਰਿਹਨ ਉਪਨਿਸ਼ਦ ਵਿਚ ਲਿਖਿਆ ਹੈ ਕਿ ਜਿਸ ਅਬਿਨਾਸ਼ੀ ਪਰਮੇਸ਼ਰ ਦੀ ਆਗਿਆ ਵਿਚ ਸੂਰਜ ਤੇ ਚੰਦ ਨਿਯਮਬਧ ਹੋਕੇ ਰਹਿੰਦੇ ਹਨ, ਉਸੇ ਅਬਿਨਾਸ਼ੀ ਦੇ ਪਰਸ਼ਾਸ਼ਨ ਵਿਚ ਸਵਰਗ, ਨਰਕ, ਧਰਤੀ ਆਪਣੀ ਆਪਣੀ ਥਾਂ ਉਤੇ ਸਥਿਤ ਹਨ । ਗੁਰਬਾਣੀ ਵਿਚ ਇਹਨਾਂ ਅਰਥਾਂ ਵਿਚ ਹੁਕਮ ਸ਼ਬਦ ਵਰਤਿਆ ਗਿਆ ਹੈ ।

ਹੁਕਮਿ : ਪ੍ਰਭੂ ਦੇ ਹੁਕਮ ਵਿਚ
ਹੁਕਮੁ : ਨਿਯਮ, ਆਗਿਆ
ਹੁਕਮੈ : ਹੁਕਮ ਨੂੰ

ਗੁਰਬਾਣੀ ਵਿਚ ਹੁਕਮ ਸ਼ਬਦ ਕਈ ਥਾਵਾਂ ਅਤੇ ਕਈ ਪਧਰਾਂ ਉਤੇ ਭਾਵੇਂ ਵਾਚਿਆ ਜਾ ਸਕਦਾ ਹੈ, ਪਰ ਸਮੁੱਚੇ ਤੌਰ ਤੇ ਹੁਕਮ ਤੋਂ ਭਾਵ ਹੈ ਉਹ ਰਬੀ ਵਿਧਾਨ ( divine constitution ), ਉਹ ਈਸ਼ਵਰੀ



www.AKJ.Org

ਵਿਧਾਨ, ਜਿਸ ਦੇ ਅਧੀਨ ਇਸ ਸੰਸਾਰ ਦਾ ਪਸਾਰਾ ਹੋਇਆ ਹੈ, ਅਤੇ ਜਿਸ ਦੇ ਅਧੀਨ ਸਾਰੇ ਸੰਸਾਰ ਦਾ ਪਸਾਰਾ ਚਲ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ --

ਹੁਕਮੀ ਸਭੇ ਉਪਜਹਿ, ਹੁਕਮੀ ਕਾਰ ਕਮਾਇ ॥ ਹੁਕਮੀ ਕਾਲੈ ਵਸਿ ਹੈ, ਹੁਕਮੀ ਸਾਚਿ ਸਮਾਇ ॥ (ਮ:੧)

Dictionary of Thoughts ਵਿਚ Edward ਨੇ ਇਹ ਵਿਚਾਰ ਪ੍ਰਗਟਾਇਆ ਹੈ ਕਿ ਕੁਦਰਤ ਨੇ ਕਾਨੂੰਨਾ ਰਾਹੀਂ ਨਿਯਮਾਵਲੀ ਰਾਹੀ ਹੀ ਰਬ ਆਪਣੀ ਮਰਜੀ ਜਾਂ ਆਪਣੇ ਵਿਚਾਰ ਪ੍ਰਗਟ ਕਰਦਾ ਹੈ। ਉਹ ਲਿਖਦੇ ਹਨ—The laws of nature are but the thoughts and agencies of God— The modes in which He works and carries out the designs of his providence and will.

ਇਸੇ ਹੁਕਮ ਸ਼ਬਦ ਲਈ ਜਿਥੇ ਗੁਰਬਾਣੀ ਵਿਚ 'ਭੈ' ਅਤੇ 'ਕੁਦਰਤ' ਸ਼ਬਦ ਵੀ ਵਰਤਿਆ ਗਿਆ ਹੈ, ਉਥੇ ਗੁਰੂ ਗੋਬਿੰਦ ਸਿੰਘ ਜੀ 'ਆਗਿਆ' ਸ਼ਬਦ ਵੀ ਵਰਤਿਆ ਹੈ --

ਦਿਲੀ ਕੇ ਦਿਲਵਾਲੀ, ਤੇਰੀ ਆਗਿਆ ਮੇ ਚਲਤ ਹੈ ॥ (ਪਾ: ੧੦)

ਹੁਕਮ ਕੀ ਹੋਇਆ ? ਹੁਕਮ ਤੋਂ ਭਾਵ ਉਹ ਪਰਮੇਸ਼ਰ ਕੇ ਕਾਨੂੰਨ, ਜੋ ਮਹਾਂਪੁਰਸ਼ਾਂ ਦੀ ਬਾਂਣੀ ਰਾਹੀਂ, ਕੁਦਰਤ ਦੇ ਕਾਨੂੰਨਾਂ ਰਾਹੀ ਸਾਡੇ ਤਕ ਆਏ ਹਨ। ਇਹਨਾਂ ਨਿਯਮਾਂ ਅਧੀਨ ਹੀ ਜੀਵ ਜੰਮਦੇ ਮਰਦੇ, ਜੁਆਨ ਹੁੰਦੇ, ਬੁਢੇ ਹੁੰਦੇ ਤੇ ਕਾਰ ਵਿਹਾਰ ਕਰਦੇ ਹਨ। ਇਹਨਾ ਨਿਯਮਾਂ ਅਧੀਨ ਹੀ ਕਰਮ ਤੇ ਪ੍ਰਤੀਕਰਮ, ਕਰਮ ਤੋਂ ਕਿਰਤ, ਕਿਰਤ ਤੋਂ ਸੁਭਾਉ, ਚੰਗੀ ਮੰਦੀ ਸੰਗਤ ਦੇ ਪ੍ਰਭਾਵ ਰਾਹੀਂ ਸਖਸ਼ੀਅਤ ਦਾ ਬਨਣਾ ਜਾਂ ਵਿਗੜਨਾ ਆਦਿ ਵਾਪਰਦਾ ਹੈ। ਸਭ ਕੁਝ ਕਿਸੇ ਵਿਉਂਤ ਵਿਚ ਕਿਸੇ ਨਿਯਮਾਵਲੀ ਵਿਚ ਹੋ ਰਿਹਾ ਹੈ। ਭਲਾ ਬੇਨਿਯਮਾਂ ਹੋ ਵੀ ਕਿਵੇਂ ਸਕਦਾ ਹੈ ਜਦ ਮਨੁਖ ਦਾ ਬਣਾਇਆ ਹੋਇਆ ਇਕ ਇੰਜਣ ਕਿਸੇ ਨਿਯਮਾਵਲੀ ਵਿਚ ਕੰਮ ਕਰਦਾ ਹੈ, ਤਾ ਕਰਤੇ ਦੀ ਏਡੀ ਵੱਡੀ ਰਚਨਾ ਕਿਵੇਂ ਬੇਨਿਯਮੀ ਹੋ ਸਕਦੀ ਹੈ। ਹੁਣ ਅਸੀਂ ਵੀਚਾਰ ਕਰਾਂਗੇ ਕਿ ਉਹ ਕਿਹੜੇ ਨਿਯਮ ਹਨ, ਕਿਹੜ ਹੁਕਮ ਹਨ, ਜਿਹਨਾ ਨੂੰ ਸਮਝਿਆਂ, ਘੋਖਿਆਂ ਅਤੇ ਅਮਲ ਵਿਚ ਲਿਅਇਆ ਮਨੁਖ ਕੂੜ ਦੀ ਕੰਧ, ਹੰਕਾਰ ਦੀ ਕੰਧ ਤੋੜ ਕੇ, ਆਪਣੇ ਆਪ ਨਾਲ, ਆਪਣੇ ਗੁਰ ਪਰਮੇਸ਼ਰ ਨਾਲ ਸੱਚਾ ਹੋ ਜਾਂਦਾ ਹੈ। ਭਾਵੇਂ ਗੁਰਮਤਿ ਦੇ ਪਰਕਾਸ਼ ਤੋਂ ਪਹਿਲਾਂ ਭਾਰਤ ਵਿਚ ਕਈ ਮਾਰਗ ਸਚਿਆਰ ਬਣਨ ਦੇ ਪਰਚਲਤ ਸਨ। ਪਰ ਵਿਚਾਰਨਾ ਅਸਾਂ ਇਹ ਹੈ ਕਿ ਗੁਰੂ ਨਾਨਕ ਸਾਹਿਬ ਦੇ ਮਤ ਕਿਹੜੇ ਹੁਕਮਾਂ ਨੂੰ ਅਮਲ ਵਿਚ ਲਿਆ ਕੇ ਮਨੁਖ ਸਚਿਆਰ ਬਣੇ।

ਗੁਰਬਾਣੀ ਵਿਚ ਇਹਨਾਂ ਪਧਰਾਂ ਉਤੇ ਹੁਕਮ ਜਾਂ ਪ੍ਰਭੂ ਨਿਯਮਾਲੀ ਸ਼ਬਦ ਨੂੰ ਵਾਚਿਆ ਜਾ ਸਕਦਾ ਹੈ।

ਵਿਅਕਤੀਗਤ ਪਧਰ (Individual level)

ਅਸੀਂ ਜਾਨਦੇ ਹਾਂ ਕਿ ਭਾਵੇਂ ਹਰ ਰਾਜ ਦੇ ਕੁਝ ਸਰਬ-ਸਾਂਝੇ ਕਾਨੂੰਨ ਆਪਣੇ ਆਪਣੇ ਹੁੰਦੇ ਹਨ, ਪਰ ਨਾਲ ਕੁਝ ਅਜਿਹੇ ਕਾਨੂੰਨ ਵੀ ਹੁੰਦੇ ਹਨ ਜੋ ਸਾਰੇ ਮਨੁਖਾਂ ਉਤੇ ਲਾਗੂ ਹੁੰਦੇ ਹਨ। ਇਵੇਂ ਹੀ ਅਕਾਲ ਪੁਰਖ ਵਾਹਿ-



www.AKJ.Org

ਗੁਰੂ ਦੇ ਜਿਥੇ ਸਰਬ ਸਾਂਝੇ (Universal Laws) ਕਾਨੂੰਨ ਹਨ, ਉਥੇ ਨਾਲ ਹੀ ਕੁਝ ਅਜਿਹੇ ਕਾਨੂੰਨ ਵ ਨਹੀ, ਜੋ ਵਿਅਕਤੀਗਤ ਪਾਰ ਦੇ ਕਾਨੂੰਨ ਕਹੇ ਜਾ ਸਕਦੇ ਹਨ ਅਤੇ ਜਿਹਨਾ ਦੀ ਪਾਲਨਾ ਕਰਨੀ ਸਚਿਆਰ ਬਨਣ ਲਈ ਜ਼ਰਰੀ ਹੈ। ਓਹ ਕਾਨੂੰਨ ਹਰ ਮਨੁਖ ਦੇ ਆਪਣੇ ਕੀਤੇ ਕਰਮਾਂ ਦਾਂ ਪ੍ਰਤੀਕਰਮ ਹਾਂ ਹੁੰਦੇ ਹਨ। ਕਰਮ-ਪ੍ਰਤੀਕਰਮ ਦੇ ਫਲ ਵਜੋਂ ਸੰਸਕਾਰਾਂ ਦੇ ਰੂਪ ਵਿਚ ਮਨੁਖ ਦੇ ਨਾਲ ਜੁੜੇ ਰਹਿੰਦੇ ਹਨ। ਇਹਨਾਂ ਹੁਕਮਾ ਜਾਂ ਇਹਨਾ ਨਿਅਮਾਂ ਨੂੰ ਭਾਗ ਜਾਂ ਪ੍ਰਾਲਬਧ ਕਿਹਾ ਜਾਂਦਾ ਹੈ। ਸਾਡੀ ਕੀਤੀ ਕਮਾਈ ਤੇ ਉਸ ਅਨੁਸਾਰ ਬਣੀ ਕਿਰਤ ਅਨੁਸਾਰ ਪਰਮੇਸ਼ਰ ਸਾਨੂੰ ਮਨੁਖਾ ਜਨਮ ਦੇਂਦਾ ਹੈ। ਫਿਰ ਉਸ ਮਿਲੇ ਜਨਮ ਵਿਚ ਉਹਨਾ ਸੰਸਕਾਰਾਂ ਤੇ ਭਾਗਾ ਅਨੁਸਾਰ ਹੀ ਚੰਗੀ ਮਦੀ ਕਮਾਈ ਕਰਦੇ ਹਾਂ। ਗੁਰਬਾਣੀ ਵਿਚ ਕਿਹਾ ਹੈ—ਵਾਰੀ ਖਸਮ ਕਢਾਇ, ਕਿਰਤ ਕਮਾਵਣਾ ॥ ਭਾਗਾਂ ਦ ਰੂਪ ਵਿਚ ਜੋ ਇਹ ਕਾਨੂੰਨ ਸਾਡੇ ਨਾਲ ਜੁੜੇ ਆਉਂਦੇ ਹਨ, ਉਹਨਾ ਨੂੰ ਖਿੜੇ ਮੱਥੇ ਪਰਵਾਨ ਕਰਨਾ ਜ਼ਰੂਰੀ ਹੈ, ਕਿਉਂਕਿ ਇਹ ਕਰਤੇ ਨੇ ਹੀ ਸਾਡੀ ਪਿਛਲੀ ਕ੍ਰਿਤ ਅਨੁਸਾਰ ਲਿਖੇ ਹੁੰਦੇ ਹਨ। ਤਾਂ ਹੀ ਤਾਂ ਫਰਮਾਉਂਦੇ ਹਨ —

ਲੇਖ ਨ ਮਿਟਈ ਹੇ ਸਖੀ,
ਜੋ ਲਿਖਿਆ ਕਰਤਾਰਿ।

ਭਾਵੇਂ ਗੁਰੂ ਪਾਤਸ਼ਾਹ ਦੀ ਨਦਰ ਨਾਲ ਇਹ ਸੰਸਕਾਰ ਜਾਂ ਲਿਖੇ ਕਾਨੂੰਨ ਮਿਟ ਵੀ ਜਾਂਦੇ ਹਨ, ਪਰ ਉਹਨਾਂ ਨੂੰ ਮੇਟਣ ਤੇ ਬਖਸ਼ਨ ਦੇ ਵੀ ਉਪ ਕਰਤੇ ਦੇ ਆਪਣੇ ਹੀ ਕਾਨੂੰਨ ਹਨ. ਉਥੇ ਮਨੁੱਖ ਦੀ ਚਤਰਾਈ ਕੰਮ ਨਹੀ ਕਰਦੀ।

ਸਮਾਜਕ ਪਧਰ (Social Level) ਰਬੀ ਹੁਕਮਾਂ ਦਾ ਦੂਸਰਾ ਪਧਰ ਸਮਾਜੀ ਪਧਰ ਹੈ। ਅਸਾਂ ਸਮਾਜਕ ਜੀਵ ਹਾਂ, ਸਮਾਜ ਵਿਚ ਰਹਿੰਦਿਆਂ ਸਾਨੂੰ ਅਨੇਕਾਂ ਸਮਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਗੁਰਬਾਣੀ ਰਾਹੀਂ ਗੁਰੂ ਸਾਹਿਬਾਨ ਨੇ ਅਨੇਕਾਂ ਅਜਿਹੇ ਨਿਅਮ ਮੂਰਤੀਮਾਨ ਕੀਤੇ ਹਨ ਜੋ ਸਾਡੇ ਸਮਾਜੀ ਜੀਵਨ ਨੂੰ ਸੁਖਮਈ ਬਣਾ ਸਕਣ। ਫਿਰ ਗੁਰਮਤਿ ਤਾ ਹੈ ਹੀ ਗ੍ਰਿਹਸਤ ਪ੍ਰਧਾਨ ਧਰਮ. ਇਸ ਲਈ ਗ੍ਰਿਹਸਤੀ ਜੀਵਨ ਬਿਤਾਉਂਦਿਆਂ ਅਸੀ ਕਿਵੇਂ ਚੰਗੇ ਸਮਾਜਕ ਜੀਵ ਵੀ ਬਣ ਸਕਦੇ ਹਾਂ, ਇਸ ਬਾਰੇ ਅਨੇਕਾਂ ਨਿਅਮ ਜਿਤਰਨੇ ਕੁਦਰਤੀ ਤੇ ਜ਼ਰੂਰੀ ਹਨ। ਜਦ ਗੁਰਦੇਵ ਜੀ ਇਹ ਫਰਮਾਉਂਦੇ ਹਨ—

ਜਾਇ ਬਹੁ ਸਤਸੰਗਤੀ,
ਜਿਥੇ ਹਰਿ ਕਾ ਹਰਿ ਨਾਮੁ ਬਲੋਈਐ ॥
ਸਤਿਸੰਗਤ ਕੈਸੀ ਜਾਣੀਐ,
ਜਿਥੈ ਏਕੋ ਨਾਮੁ ਵਖਾਣੀਐ ॥

ਤਾਂ ਆਪ ਮਨੁਖ ਨੂੰ ਹਰਿ ਨਾਮ ਜਪਣ ਵਾਲੀ ਸੰਗਤ ਕਰਨ ਲਈ ਹੁਕਮ ਕਰ ਰਹੇ ਹਨ। ਤੇ ਹੋਰ ਸੰਗਤ ਨੂੰ ਨੀਵਾਂ ਦਰਜਾ ਦੇ ਰਹੇ ਹਨ ਜਿਥੇ ਨਾਮ ਦੀ ਵਿਚਾਰ ਤੇ ਨਾਮ ਦਾ ਰਸ ਨਹੀਂ।



www.AKJ.Org

ਇਵੇਂ ਹੀ ਜਦ ਭਾਈ ਸਾਹਿਬ ਗੁਰਦਾਸ ਜੀ ਇਹ ਕਹਿ ਰਹੇ ਹਨ ਦੇਖ ਪਰਾਈਆਂ ਚੰਗੀਆ, ਮਾਵਾਂ ਭੈਣਾ ਧੀਆਂ ਜਾਣੈ। ਤਾਂ ਆਪ ਸਮਾਜ ਵਿਚ ਰਹਿੰਦਿਆਂ ਸਾਡੇ ਆਚਰਣ ਨੂੰ ਉੱਚਾ ਚੁੱਕਣ ਲਈ ਨਿਯਮਾਵਲੀ ਹੀ ਤਾਂ ਦਸ ਰਹੇ ਹਨ। ਇਉਂ ਹੀ ਅਨੇਕਾਂ ਨਿਯਮਾਂ ਨੂੰ ਗੁਰਬਾਣੀ ਵਿਚੋਂ ਟੋਲਿਆ ਜਾ ਸਕਦਾ ਹੈ।

ਮਾਨਸਿਕ ਪਧਰ (Mental Level) ਹੁਕਮ ਦਾ ਤੀਸਰਾ ਪਧਰ ਮਾਨਸਿਕ ਪਧਰ ਕਿਹਾ ਜਾ ਸਕਦਾ ਹੈ।

ਭਾਵੇ ਮਨੁਖ ਸੰਗਤੀ ਜੀਵਨ ਜੀਉ ਰਿਹਾ ਹੋਵੇ ਤੇ ਭਾਵੇਂ ਇਕਾਂਤਮਈ ਜੀਵਨ, ਪਰ ਹਰ ਤਰਾਂ ਦੀ ਉਨਤੀ ਮਨੁਖ ਤਾਂ ਹੀ ਕਰ ਸਕਦਾ ਹੈ, ਜੇ ਉਸ ਦੇ ਮਨ ਨੂੰ ਪ੍ਰੇਰਨਾ ਮਿਲੇ। ਦੁਨੀਆਂ ਵਿਚ ਅਨੇਕਾਂ ਵਿਅਕਤੀ ਸੰਗਤ ਕਰਕੇ ਹੋਏ, ਬਾਣੀ ਪੜ੍ਹਕੇ ਹੋਏ, ਨਾਮ ਮੁਖ ਨਾਲ ਜਪਦੇ ਹੋਏ ਵੀ ਉਨਤੀ ਨਹੀਂ ਕਰਦੇ, ਕਿਉਂਕਿ ਮਾਨਸਿਕ ਤੌਰ ਉਨਤੀ ਕਰਨ ਲਈ ਉਹ ਪ੍ਰੇਰੇ ਨਹੀਂ ਜਾਂਦੇ। ਇਸੇ ਵਾਸਤੇ ਗੁਰਬਾਣੀ ਵਿਚ ਮਨੁਖੀ ਮਨ ਨੂੰ ਪ੍ਰੇਰਨਾ ਦੇਣ ਲਈ ਮਹਾਂ ਪੁਰਸ਼ਾਂ ਨੇ ਅਨੇਕਾਂ ਮਨੋਵਿਗਿਆਨਕ ਤਰੀਕਿਆਂ ਨਾਲ ਨਿਯਮਾਵਲੀ ਦਰਸਾਈ ਹੈ। ਜਦ ਗੁਰਦੇਵ ਪਿਤਾ ਜੀ ਇਹ ਕਹਿ ਰਹੇ ਸਨ।

"ਮਨ ਤੂੰ ਜੋਤਿ ਸਰੂਪ ਹੈ, ਆਪਣਾ ਮੂਲ ਪਛਾਣ" ॥

"ਏ ਮਨ ਪਿਆਰਿਆ ਤੂੰ ਸਚ ਸਮਾਲੇ" ॥

ਤਾਂ ਏਥ ਪਿਤਾ ਜੀ ਮਨੁਖੀ ਮਨ ਨੂੰ ਮੁਖਾਤਬ ਕਰਕੇ, ਮਨ ਦਾ ਅਸਲੀ ਸਰੂਪ ਜਾਣਕੇ ਮਾਨਸਿਕ ਤੌਰ ਤੇ ਉਚੇ ਹੋਣ ਲਈ ਹੀ ਨਿਅਮ ਦਸ ਰਹੇ ਹਨ।

ਇਉਂ ਹੀ ਜਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਕ ਠੀਕ ਰਾਹ ਦਰਸਾਉਦੇ ਸਨਿਆਸੀ ਨੂੰ ਕਹਿੰਦੇ ਹਨ—

ਰੇ ਮਨ ਐਸੋ ਕਰ ਸੰਨਿਆਸਾ ॥

ਬਨਸੇ ਸਦਨ ਸਬੈ ਕਰ ਸਮਝਉ ਮਨ ਹੀ ਮਾਹਿ ਉਦਾਸਾ ॥

ਤਾਂ ਆਪ ਜੀ ਇਕ ਸਨਿਆਸੀ ਦੇ ਮਾਨਸਿਕ ਪਧਰ ਨੂੰ ਉਚਾ ਕਰਨ ਲਈ ਉਤਸ਼ਾਹ ਦੇ ਰਹੇ ਹਨ।

ਬ੍ਰਹਮੰਡ ਪਧਰ (Cosmological Level)

ਸਚਿਆਰ ਬਣਨ ਲਈ ਗੁਰਬਾਣੀ ਵਿਚ ਹੁਕਮ ਦਾ ਇਕ ਹੋਰ ਪਧਰ ਨਿਸਚਤ ਕੀਤਾ ਜਾ ਸਕਦਾ ਹੈ ਜੋ ਬ੍ਰਹਮੰਡ ਪਧਰ ਦੇ ਨਾਮ ਨਾਲ ਪੁਕਾਰਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਨੇ ਕਿਤੇ 2 ਰਬ ਦੀ ਰਚਨਾ ਸੰਬੰਧੀ, ਉਸ ਦੀ ਖੇਡ ਸੰਬੰਧੀ ਨਿਯਮ ਮੂਰਤੀਮਾਨ ਕੀਤੇ ਹਨ। ਭਾਵੇਂ ਸਮੁਚੇ ਤੌਰ ਤੇ ਗੁਰੂ ਨਾਨਕ ਪਿਤਾ ਜੀ ਨੇ ਸਪਸ਼ਟ ਕਿਹਾ ਹੈ ਕਿ ਕਰਤੇ ਦੀ ਰਚਨਾ ਦਾ ਬਾਹ ਨਹੀਂ ਪਾਇਆ ਜਾ ਸਕਦਾ। ਕਦੋਂ ਰਚੀ ? ਕਿਵੇਂ ਰਚੀ ?

ਜਾ ਕਰਤਾ ਸਿਰਠੀ ਕਉ ਸਾਜੇ,
ਆਪੇ ਜਾਣੈ ਸੋਈ ॥ (ਜਪੁ)



www.AKJ.Org

ਹਾਂ ਕਿਤੇ ੨ ਬ੍ਰਹਮੰਡਕ **ਨਿਯਮਾਂ ਵਲ ਇਸਾਰਾ ਹੈ—**

੧) ਹੁਕਮੀ ਹੋਵਨ ਆਕਾਰ **(ਜਪੁ)**

੨) ਸਭੁ ਘਰ ਸੂਰ ਸਮਾਇਦਾ ॥ (ਮ;੧)

੩) ਕਈ ਬਾਰ ਪਸਰਿਓ ਪਾਸਾਰਿ ॥

ਇਨਾਂ ਹੁਕਮਾਂ ਨੂੰ ਸਮਝਣਾ, ਬੇਅੰਤਤਾ ਤੋਂ ਬਲਿਹਾਰ ਹੋਣ ਵਿਚ ਦੀ ਅਵਸਥਾ ਵਿਚ ਆਨੰਦ ਲੈਣਾ, ਸਚਿਆਰ ਬਣਨ ਦੇ ਯਤਨਾਂ ਵਿਚ ਹੀ ਸ਼ਾਮਲ ਹੈ ।

ਤਾਤ੍ਵਿਕੀ ਪਧਰ (Ontological Level) ਗੁਰਬਾਣੀ ਵਿਚ ਤਾਤ੍ਵਿਕੀ ਪਧਰ ਉਤੇ ਕਾਨੂੰਨ ਦੀ ਇਕ ਹੋਰ ਅਵਸਥਾ ਰੂਪਮਾਨ ਕੀਤੀ ਹੈ, ਜਦੋਂ ਅਕਾਲ ਪੁਰਖ ਨਿਰਗੁਣ ਅਵਸਥਾ ਵਿਚ ਸਥਿਤ ਸੀ, ਅਤੇ ਸ੍ਰਿਸਟੀ ਦੀ ਰਚਨਾ ਅਜ ਹੋਈ ਹੀ ਨਹੀਂ ਸੀ । ਉਸ ਪਧਰ ਉਤੇ ਕੇਹੋ ਜੇਹੇ ਕਾਨੂੰਨ ਸਨ ਜਾਂ ਬ੍ਰਹਮੰਡ ਵਿਚ ਕੀ ਵਾਪਰ ਰਿਹਾ ਸੀ, ਇਉਂ ਦਰਸਾਇਆ ਹੈ—

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ, ਸੁੰਨ ਸਮਾਧਿ ਲਗਾਇਦਾ ॥ (ਮ:੧)

ਉਪਰੋਕ ਹੁਕਮਾਂ ਦੀ ਪੱਧਰ ਵਿਚਾਰਨ ਤੋਂ ਪਿਛੋਂ ਇਕ ਹੋਰ ਪੱਧਰ ਵੀ ਵੇਖੀ ਜਾ ਸਕਦੀ ਹੈ ਜਿਸ ਨੂੰ ਅਸੀਂ 'ਵਿਸ਼ੇਸ਼' ਹੁਕਮ ਦਾ ਨਾਮ ਦੇ ਸਕਦੇ ਹਾਂ । ਕਿਉਂਕਿ ਹੁਕਮ ਕਰਨ ਵਾਲਾ ਆਪ ਕਿਸੇ ਦੇ ਹੁਕਮ ਦੇ ਅਧੀਨ ਨਹੀਂ । ਇਸ ਲਈ ਉਹ ਕਈ ਵਾਰੀ ਅਜੇਹੇ ਹੁਕਮ ਵੀ ਕਰਦਾ ਹੈ, ਜਿਸ ਨੂੰ ਸਾਡੀ ਸੀਮਤ ਬੁੱਧੀ ਸਮਝ ਨਹੀਂ ਸਕਦੀ। ਇਹ ਉਸ ਦੀ ਮਰਜ਼ੀ ਦੀ ਗਲ ਹੈ ਕਿ "ਜਿਸ ਭਾਵੈ ਤਿਸੁ ਦੇਈ"। ਉਸ ਦੇ ਅਜੇਹੇ ਹੁਕਮਾਂ ਨੂੰ ਨਦਰ ਕਿਹਾ ਜਾ ਸਕਦਾ ਹੈ । ਭਾਵੇਂ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਕਿਸ ਉਪਰ ਨਦਰਿ ਰੂਪੀ ਹੁਕਮ ਕਰੇ — ਪਰ ਇਹ ਸਚ ਹੈ ਕਿ ਜਿਸ ਉਪਰ ਕਰਦਾ ਹੈ —ਉਹਨਾਂ ਦੀ ਇਹ ਅਵਸਥਾ ਹੋ ਜਾਂਦੀ ਹੈ

i) ਨਦਰਿ ਕਰਹਿ ਜੇ ਆਪਣੀ, ਤਾ ਨਦਰੀ ਸਤਿਗੁਰੁ ਪਾਇਆ (ਮ;੧)

ii) ਨਾਨਕ ਨਦਰੀ ਨਦਰਿ ਨਿਹਾਲ ॥ (ਮ:੧)

iii) ਨਦਰੀ ਕਰਮ ਪਵੈ ਨੀਸਾਣੁ ॥

ਪਰ ਇਸ ਨਦਰ ਰੂਪੀ ਹੁਕਮ ਦੇ ਅਧਿਕਾਰੀ ਉਸ ਦੀ ਆਪਣੀ ਖੁਸ਼ੀ ਉਤੇ ਨਿਰਭਰ ਹੈ। ਇਥੇ ਸਾਡੀ ਸਿਆਣਪ ਜਾਂ ਜ਼ੋਰ ਕੰਮ ਨਹੀਂ ਕਰਦਾ । ਹਾਂ—ਮਨੁੱਖ ਕੋਲੋਂ ਇਕ ਗਲ ਹੋ ਸਕਦੀ ਹੈ ਕਿ ਉਹ ਪ੍ਰੇਮ ਤੇ ਨਿਮਰਤਾ ਭਰਪੂਰ ਹੋਕੇ ਅਰਦਾਸ ਕਰੇ ਉਸ ਦੀ ਨਜ਼ਰ ਦਾ ਪਾਤਰ ਬਣਨ ਲਈ ।

"ਨਦਰਿ ਤੁਧ, ਅਰਦਾਸਿ ਮੇਰੀ" ਇਲਾਹੀ ਫੁਰਮਾਨ ਹੈ ।



www.AKJ.org

ਅਸੀਂ ਜਾਣਦੇ ਹਾਂ ਕਿ ਭਾਈ ਮਰਦਾਨਾ 58 ਸਾਲ ਗੁਰੂ ਨਾਨਕ ਪਾਤਸ਼ਾਹ ਨਾਲ ਰਹੇ। ਉਹਨਾਂ ਕਰੜੀ
ਘਾਲਨਾ ਘਾਲੀ ਸ਼ਬਦ ਗਾਕੇ, ਨਾਮ ਜਪ ਕੇ ਗੁਰੂ ਨਾਨਕ ਦੇ ਹੁਕਮ ਪਾਲ ਕੇ। ਏਨੀ ਨੇੜਤਾ, ਏਨਾ ਪਿਆਰ ਤੇ
ਏਨੀ ਸੇਵਾ ਦੇ ਬਾਵਜੂਦ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਸੋਂ ਜਦੋਂ ਵੀ ਸੰਗਦੇ ਮਿਹਰ ਮੰਗਦੇ। ਨਦਰ
ਮੰਗਦੇ। ਇਕ ਵਾਰੀ ਉਹਨਾਂ ਹੱਥ ਜੋੜ ਬੇਨਤੀ ਕੀਤੀ—ਬਾਬਾ ! ਹੁਣ ਮੈਨੂੰ ਆਪ ਨਾਲੋਂ ਵਿਛੋੜਨਾ ਨਾਹੀ, ਨ ਐਥੇ
, ਨਾ ਉਥੈ,'' ਗੁਰੂ ਨਾਨਕ ਨੇ ਉਸੇ ਸਮੇਂ ਬਖਸ਼ਸ਼ ਕਰਕੇ ਫੁਰਮਾਇਆ —

"ਮਰਦਾਨਿਆ, ਤੁਧ ਉਪਰ ਮੇਰੀ ਖੁਸ਼ੀ ਹੈ, ਜਿਥ ਤੇਰਾ ਵਾਸਾ, ਉਥੈ ਮੇਰਾ ਵਾਸਾ" (ਜਨਮ ਸਾਖੀ)

ਇਹ ਕਹਿ ਬਾਬੇ ਨੇ ਮਰਦਾਨਾ ਜੀ ਨੂੰ ਛਾਤੀ ਨਾਲ ਲਾ ਲਿਆ।
ਇਹ ਕੀ ਸੀ—ਨਦਰ ਰੂਪੀ ਹੁਕਮ, ਜਿਸ ਦੀ ਪੂਰੀ ਸਮਝ ਸਤਿਗੁਰੂ ਪਿਤਾ ਨੂੰ ਹੀ ਹੋ ਸਕਦੀ ਹੈ।

ਸੋ ਗੁਰੂ ਪਿਆਰਿਓ ! ਗੁਰੂ ਅਕਾਲ ਪੁਰਖ ਦੀ ਦ੍ਰਿਸ਼ਟੀ ਵਿਚ ਸਚਿਆਰ ਪੱਦ ਪ੍ਰਾਪਤ ਕਰਨ ਲਈ ਜਰੂਰੀ
ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਹੁਕਮਾਂ ਨੂੰ ਪੜ੍ਹੀਏ, ਵਿਚਾਰੀਏ, ਸਮਝੀਏ, ਅਤੇ ਉਸ ਦੀ ਨਦਰ ਦੇ
ਪਾਤਰ ਬਣਨ ਲਈ, ਜੋਕਿ ਹੁਕਮਾਂ ਸਿਰ ਹੁਕਮ ਹੈ—ਆਪਣਾ ਆਪ ਗੁਰੂ ਹੁਕਮਾ ਤੋਂ ਅਰਪਨ ਕਰ ਦਈਏ —
ਤਾਂ ਹੀ ਅਸੀਂ ਲੋਕ ਪ੍ਰਲੋਕ ਸੁਖੀ ਹੋ ਸਕਦੇ ਹਾਂ।

—o—

# ਸ਼ੋਕਮਈ ਚਲਾਣਾ

ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ ਲੁਧਿਆਣੇ ਤੋਂ ਇਹ ਖਬਰ ਮਿਲੀ ਹੈ ਕਿ
ਗਿਆਨੀ ਨਾਹਰ ਸਿੰਘ ਜੀ 24-10-72 ਨੂੰ ਢਾਈ ਮਹੀਨੇ ਦੀ ਲੰਬੀ ਬੀਮਾਰੀ ਤੋਂ ਬਾਦ ਅਕਾਲ ਚਲਾਣਾ
ਕਰ ਗਏ।

ਆਪ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪਿਆਰੇ ਮਿਤਰਾਂ ਵਿਚੋਂ ਸਨ ਅਤੇ
ਆਪਜੀ ਭਾਈ ਸਾਹਿਬ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਨ ਦੀ ਨਿਗਰ ਸੇਵਾ ਸਾਰੀ ਉਮਰ ਹੀ ਕਰਦੇ ਰਹੇ।

ਸਾਡੀ ਅਰਦਾਸ ਹੈ ਕਿ ਸਤਿਗੁਰੂ ਜੀ ਆਪ ਦੀ ਰੂਹ ਨੂੰ ਆਪਣੇ ਚਰਣਾ ਵਿਚ ਨਿਵਾਸ ਬਖਸ਼ੇ
ਤੇ ਪਿਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।



www.AKJ.Org

ਧੰਨ ਗੁਰੂ ਨਾਨਕ ! ਧੰਨ ਗੁਰੂ ਨਾਨਕ ! ਧੰਨ ਗੁਰੂ ਨਾਨਕ !

# ਜਲੰਧਰ ਵਿਖੇ ਸਲਾਨਾ ਸਮਾਗਮ

18 ਨਵੰਬਰ ਤੋਂ 20 ਨਵੰਬਰ

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

... ... ... ... ... ...

ਕੁਰਬਾਣੀ ਤਿਨ ਗੁਰਸਿਖਾਂ ਭਾਇ ਭਗਤ ਗੁਰਪੁਰਬ ਕਰੰਦੇ ॥

ਸ੍ਰੀ ਗੁਰੂ ਨਾਨਕ ਦੇਵ ਜੀ ਸਚੇ ਪਾਤਸ਼ਾਹ ਨੇ ਸਾਡੇ ਅੰਧੇਰੇ ਵਿਚ ਭੰਬਲ ਭੂਸੇ ਖਾਂਦਿਆਂ ਜੀਵਾਂ ਤੇ ਤਰਸ ਕਰਕੇ ਸਾਡਾ ਉਧਾਰ ਕਰਨ ਲਈ ਅਵਤਾਰ ਧਾਰਿਆ। ਉਨ੍ਹਾਂ ਦੇ ਆਗਮਨ ਦੀ ਖੁਸ਼ੀ ਵਿਚ ਜਲੰਧਰ ਵਿਖੇ ਅੰਮ੍ਰਿਤ ਮਈ ਗੁਰਬਾਣੀ ਦੀਆਂ ਘੁਮਰਾਂ ਪੈਣਗੀਆਂ। ਆਪ ਜੀਆਂ ਦੇ ਚਰਨਾਂ ਵਿਚ ਜਦੜੀਆਂ ਹਨ ਕਿ ਆਇ ਦੀਦਾਰੇ ਬਖਸ਼ੋ, ਨਾਮ ਬਾਣੀ ਵਿਚ ਲੀਨ ਹੋ ਕੇ ਅਕਾਲ ਪੁਰਖ ਦੇ ਚਰਨਾਂ ਨਾਲ ਜੁੜੋ ਤੇ ਧੰਨ ਗੁਰੂ ਨਾਨਕ ਦੇ ਹੁਕਮਾਂ ਤੇ ਪੂਰਨੇ ਪਾਉ। ਪ੍ਰੋਗਰਾਮ ਇਸ ਪ੍ਰਕਾਰ ਹੈ :—

| | ਸਵੇਰੇ | ਸ਼ਾਮ |
|---|---|---|
| 18 ਨਵੰਬਰ ਸਨਿਚਰਵਾਰ | 3 ਤੋਂ 5 ਵਜੇ ਤਕ—ਕੀਰਤਨ ਆਸਾ ਦੀ ਵਾਰ<br>5 ਵਜੇ ਅਰੰਭ ਸ੍ਰੀ ਅਖੰਡ ਪਾਠ | 6-30 ਤੋਂ 9 ਤਕ ਕੀਰਤਨ |
| 19 ਨਵੰਬਰ, ਐਤਵਾਰ | 5 ਤੋਂ 12-30 ਤਕ ਕੀਰਤਨ | 6 ਤੋਂ 12-30 ਕੀਰਤਨ<br>6-30 ਤੋਂ 9 ਤਕ-ਕੀਰਤਨ |
| 20 ਨਵੰਬਰ, ਸੋਮਵਾਰ | 5 ਵਜੇ ਭੋਗ ਸ੍ਰੀ ਅਖੰਡ ਪਾਠ<br>6 ਤੋਂ 12-30 ਤਕ ਕੀਰਤਨ | 4 ਵਜੇ-ਅਰੰਭ ਅੰਮ੍ਰਿਤ ਸੰਚਾਰ<br>8 ਵਜੇ ਅਰੰਭ ਰੈਣ ਸਬਾਈ ਕੀਰਤਨ |

21 ਨਵੰਬਰ, ਮੰਗਲਵਾਰ—ਸਵੇਰੇ ਸਮਾਪਤੀ।

ਦਾਸਰੇ,
ਅਖੰਡ ਕੀਰਤਨੀ ਜੱਥਾ, ਜਲੰਧਰ।

ਨੋਟ :—

1. ਸੰਗਤਾਂ, ਖਾਸ ਕਰਕੇ ਕੀਰਤਨੀਏ ਸਿੰਘ ਤੇ ਬੀਬੀਆਂ, 17 ਨਵੰਬਰ ਸ਼ਾਮ ਤਕ ਜ਼ਰੂਰ ਪਹੁੰਚ ਜਾਣ। ਬੇਨਤੀ ਹੈ।
2. ਕੀਰਤਨ ਤੇ ਰਹਾਇਸ਼ ਦਾ ਅਸਥਾਨ :— ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ ਨਕੋਦਰ ਰੋਡ।
3. ਲੋੜ ਅਨੁਸਾਰ ਬਿਸਤਰੇ ਜਰੂਰ ਲੈ ਕੇ ਆਉਣਾ ਜੀ।



www.AKJ.Org

੧ੴ ਸਤਿਗੁਰ ਪ੍ਰਸਾਦਿ ॥

ਆਗਿਆ ਭਈ ਅਕਾਲ ਕੀ
ਤਭੀ ਚਲਾਇਓ ਪੰਥ ।

ਸਭ ਸਿਖਨ ਕੋ ਹੁਕਮ ਹੈ
ਗੁਰੂ ਮਾਨਿਯ ਗ੍ਰੰਥ ।

## ਸਮੂੰਹ ਸਿਖ ਜਗਤ ਦੀ ਸੇਵਾ ਵਿਖੇ

# ਅਪੀਲ

## ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੱਖ ਗੁਰਾਂ ਦੀ ਦੇਹ ਦਾ ਬਾਜ਼ਾਰਾਂ
## ਵਿਚ ਬਿਨਾਂ ਸਤਿਕਾਰ ਤੋਂ ਮੁੱਲ ਵਿੱਕਣਾ ਘੋਰ ਬੇਅਦਬੀ ਹੈ।

ਪਿਆਰੇ ਖਾਲਸਾ ਜੀਓ ! ਨੂੰ ਬਾਣੀ ਰੂਪ ਗੁਰੂ ਸ਼ਬਦ
ਜਦੋਂ ਕੇ ਗੁਰੂ ਕਲਗੀਧਰ ਜੀ ਨੇ ਦਸਾਂ ਗੁਰਾਂ ਤੋਂ ਬਾਦ ਸਮੂੰਹ ਗੁਰਸਿਖਾਂ ਨੂੰ ਹੁਕਮ ਹੈ ਗੁਰੂ ਮਾਨਿਯੋ
ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਹੁਕਮ ਦਿਤਾ "ਸਭ ਸਿਖਨ ਕੋ ਬਾਜ਼ਾਰਾਂ ਦੇ ਵਿਚ ੪੦-੫੦
ਗ੍ਰੰਥ, ਗੁਰੂ ਗ੍ਰੰਥ ਜੀ ਮਾਨਿਜੋ ਪ੍ਰਗਟ ਗੁਰਾਂ ਕੀ ਦੇਹ" ਤਾਂ ਫਿਰ ਅਸਾਡੇ ਗੁਰੂ ਦੇ ਬਿਨਾਂ ਸਤਿਕਾਰ ਤੋਂ
ਰੁਪਿਆਂ ਤੋਂ ਦੁਕਾਨਦਾਰਾਂ ਪਾਸ ਸੌਦੇ-ਬਾਜ਼ੀ ਹੋਣੀ ਤੇ ਮੁਲ ਘਟ ਵਧ ਕਰਕੇ ਵਿਕਣਾ ਤੇ ਟਿੱਕਾ ਹੈ । ਦਾਸ ਨੇ ਇਸ
ਅਲਮਾਰੀਆਂ ਦੇ ਵਿੱਚ ਰਖਣਾ ਤੇ ਛਾਪਣਾ ਮਾਨੋਂ ਸਿਖ ਜਗਤ ਦੇ ਮੱਥੇ ਤੇ ਕਲੰਕ ਦਾ ਪ੍ਰਗਟ ਕਰਕੇ ਬਹੁਤ
ਘੋਰ ਬੇਅਦਬੀ ਨੂੰ ਰੋਕਣ ਲਈ ਇਕ ਪੈਂਫਲਟ ਅਪਣੀ ਤੁਛ ਬੁਧੀ ਅਨੁਸਾਰ ਕੁਛ ਸੁਝਾ ਪ੍ਰਬੰਧਕ ਕਮੇਟੀ ਨੂੰ ਭੇਜੇ
ਸਾਰੇ ਸੰਤਾਂ, ਵਿਦਵਾਨਾਂ, ਪਤਵੰਤਿਆਂ, ਰਾਗੀਆਂ, ਗਿਆਨੀਆਂ ਤੇ ਸ੍ਰੋਮਣੀ ਗੁਰਦੁਆਰਾ ਮੰਗ ਇਹ ਹੈ
ਹਨ, ਤੇ ਬਹੁਤੇ ਸਜਣਾਂ ਵਲੋਂ ਸ਼ਲਾਘਾ ਤੇ ਸਹਿਯੋਗ-ਪੱਤਰ ਭੀ ਆਏ ਹਨ । ਸੋ ਦਾਸ ਦੀ ਵਡੀ ਨੂੰ ਦੇਨ ਲਈ ਕਿਸੇ
ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪਣ ਤੇ ਬਿਨਾਂ ਕਿਸੇ ਮੋਖ ਤੋਂ ਸਮੂੰਹ ਲੋੜਵੰਦ ਸਜਨਾਂ ਕਿ ਇਕ ਮਹਾਨ
ਸ਼ਹਿਰ ਵਿਚ ਮਹਾਨ ਸੁੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਭਵਨ ਕਾਇਮ ਕੀਤਾ ਜਾਵੇ ਜਿਥੇ ਰਾਹੀਂ ਪੰਜਾਂ
ਪ੍ਰੈਸ ਲਗਵਾ ਕੇ ਮਹਾਰਾਜ ਦੇ ਸਰੂਪ ਸਤਿਕਾਰ ਸਹਿਤ ਛਪਵਾਣ ਦਾ ਤੇ ਸਪੈਸ਼ਲ ਮੋਟਰ ਗੱਡੀ ਸਤਿਕਾਰ ਪੂਰਬਕ
ਪਿਆਰਿਆਂ ਦੀ ਅਗਵਾਈ ਹੇਠ ਬਿਨਾਂ ਕਿਸੇ ਮੋਖ ਤੋਂ ਲੋੜਵੰਦੇ ਸਜਨਾਂ ਨੂੰ ਲੋੜੀਦੀ ਥਾਂ ਤਕ ਖੋਲ੍ਹਿਆ ਜਾਵ,
ਪਹੁੰਚਾਣ ਦਾ ਪ੍ਰਬੰਧ ਹੋਵੇ ਤੇ ਇਸ ਦੇ ਨਾਲ ਹੀ ਇਕ ਮਹਾਨ ਵਿਦਿਆ ਕੇਂਦਰ ਵੀ ਪਾਠਾਂ ਦੇ ਭੇਦ
ਜਿਸ ਦੇ ਵਿਚ ਪਾਠੀਆਂ, ਰਾਗੀਆਂ. ਪ੍ਰਚਾਰਕਾਂ ਨੂੰ ਗੁਰਬਾਣੀ ਵਿਆਕਰਣ ਅਰਥ ਬੋਧ ਗ੍ਰੰਥ ਸਾਹਿਬ
ਕਥਾ ਕੀਰਤਨ ਆਦਿ ਦੀ ਉਚ ਪੱਧਰ ਤੇ ਸਿਖਲਾਈ ਫਰੀ ਦਿਤੀ ਜਾਵੇ ਤੇ ਸ੍ਰੀ ਗੁਰੂ
ਜੀ ਦਾ ਵਧ ਤੋਂ ਵਧ ਸਤਿਕਾਰ ਕਰਨ ਦਾ ਪਰਚਾਰ ਵੀ ਕੀਤਾ ਜਾਵੇ ।
ਸੋ ਇਸ ਮਹਾਨ ਕਾਰਜ ਦੇ ਉਪਰਾਲੇ ਲਈ ਲੋੜ ਹੈ ਤਨ. ਮਨ, ਧਨ ਦੀ ਸੱਚੇ ਦਿਲ ਨਾਲ ਸੇਵਾ
ਕਰਨ ਵਾਲਿਆਂ ਵਿਦਵਾਨਾਂ, ਲਿਖਾਰੀਆਂ, ਪ੍ਰਚਾਰਕਾਂ ਤੇ ਆਰਚੀਟੈਕਟ ਇੰਜਨੀਅਰਿੰਗ. ਡਰਾਫਸਮਨਾਂ ਅਤੇ
ਹੋਰ ਹਰ ਤਰ੍ਹਾਂ ਸੇਵਾ ਕਰਨ ਵਾਲਿਆਂ ਦੀ ਜੋ ਵੀ ਗੁਰਮੁਖ ਇਹ ਮਹਾਨ ਕਾਰਜ ਦੀ ਸੇਵਾ ਲਈ ਕੁਝ ਸਮਾਂ ਬਖਸ਼
ਸਕਣ ਉਹ ਆਪਣਾ ਨਾਂ ਛੇਤੀ ਤੋਂ ਛੇਤੀ ਭੇਜਣ ਦੀ ਕ੍ਰਿਪਾਲਤਾ ਕਰਨ ਇਹ ਸੇਵਾ ਪੰਥ ਦੀ ਸਭ ਤੋਂ ਵਡੀ ਸੇਵਾ
ਹੈ । ਇਸ ਵਿਚ ਸਹਿਯੋਗ ਦੇਣ ਵਾਲਿਆਂ ਦਾ ਦਾਸ ਅਤੀ ਰਿਣੀ ਹੋਵੇਗਾ ਹੋਰ ਜਾਣਕਾਰੀ ਲਈ ਚਿਠੀ ਪੱਤਰ
ਲਿਖਣ ਦੀ ਕ੍ਰਿਪਾਲਤਾ ਕਰਨੀ ।

**ਦਾਸਰਾ-ਇੰਦਰ ਸਿੰਘ ਗੁਲਾਟੀ, ਕੋਠੀ ਨੰ. 1, ਗੋਬਿੰਦ ਨਗਰ, ਅੰਬਾਲਾਛਾਉਣੀ**
ਫੋਨ ਨੰ: 3360



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਭਵਨ

ਦੇ ਕਾਰਜ ਅਰੰਭਤਾ ਸਬੰਧੀ
ਪਿੰਡ ਸ਼ਾਹਪੁਰ, ਅੰਬਾਲਾ ਛਾਉਣੀ ਤੋਂ 4 ਮੀਲ, ਵਿਖੇ

# ਮਹਾਨ ਸਮਾਗਮ

ਮਿਤੀ : 8-11-72

ਪਿਆਰੇ ਖਾਲਸਾ ਜੀਓ !

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ
ਸਤਿਕਾਰ ਸਬੰਧੀ ਜਿਸ ਕਾਰਜ ਦੀ ਸਿਖ ਸੰਗਤਾਂ ਉਡੀਕ ਕਰ ਰਹੀਆਂ ਸਨ, ਉਹ ਸਤਿਗੁਰ ਸਚੇ ਪਾਤਸ਼ਾਹ
ਦੀ ਪਰਮ ਕ੍ਰਿਪਾਲਤਾ ਅਤੇ ਸਿਖ ਸੰਗਤਾਂ ਦੇ ਅਥਾਹ ਉਤਸ਼ਾਹ ਦਾ ਸਦਕਾ 8-11-72 ਦਿਨ ਬੁਧਵਾਰ ਸਾਹਿਬ
ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਦੀ-ਨਸ਼ੀਨੀ ਪੁਰਬ ਦੇ ਅਵਸਰ ਤੇ ਪ੍ਰਾਰੰਭ ਹੋ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ
ਜੀ ਦੀ ਅਦਬ ਸਤਿਕਾਰ ਪੂਰਬਕ ਛਪਾਈ ਅਤੇ ਮੋਖ-ਰਹਿਤ ਸਿਖ ਸ਼ਰਧਾਲੂਆਂ ਅਤੇ ਸਿਖ ਸੰਸਥਾਵਾਂ ਤਕ
ਪਹੁੰਚਾਉਣ ਲਈ 'ਸ੍ਰੀ ਗੁਰ ਗ੍ਰੰਥ ਸਾਹਿਬ ਪ੍ਰਕਾਸ਼ ਭਵਨ' ਦੀ ਸਥਾਪਨਾ ਅੰਬਾਲਾ ਛਾਉਣੀ ਦੇ ਲਾਗੇ, ਚਾਰ ਮੀਲ
ਦਾ ਦੂਰੀ ਉਤੇ ਜੀ. ਟੀ. ਰੋਡ ਉਤੇ ਪਿੰਡ ਸ਼ਾਹਪੁਰ ਦੇ ਕੋਲ ਕੀਤੀ ਜਾ ਰਹੀ ਹੈ ਜੀ। ਇਸ ਸਬੰਦ ਵਿਚ ਹਠ
ਪ੍ਰੋਗਰਾਮ ਅਨੁਸਾਰ ਵਡੇ ਪਧਰ ਤੇ ਇਕ ਗੁਰਮਤਿ ਸਮਾਗਮ ਰਚਿਆਂ ਜਾ ਰਿਹਾ ਹੈ ਜਿਸ ਵਿਚ ਇਸ ਪਾਵਨ ਅਸਥਾਨ
ਉਤੇ ਨਿਸ਼ਾਨ-ਸਾਹਿਬ ਦਾ ਨੀਂਹ-ਪਥਰ ਰਖਣ ਲਈ ਪੰਜ ਤਖਤਾਂ ਦੇ ਜਥੇਦਾਰ ਸਿੰਘ ਸਾਹਿਬਾਨ ਦਰਸ਼ਨ ਬਖਸ਼
ਰਹੇ ਹਨ। ਇਸ ਪਵਿੱਤਰ ਕਾਰਜ ਦੀ ਮਹਾਨਤਾ ਨੂੰ ਦਰਸਾਉਣ ਅਤੇ ਇਸ ਦੀ ਸਫਲਤਾ ਲਈ ਲੋੜੀਂਦੇ ਸਾਧਨਾਂ
ਬਾਰੇ ਚਾਨਣਾ ਪਾਉਣ ਲਈ ਪੰਥ ਦੇ ਉਘੇ ਸੰਤ, ਮਹਾਤਮਾਂ, ਵਿਦਵਾਨ, ਤੇ ਰਾਗੀ ਜਥੇ ਵੀ ਦਰਸ਼ਨ ਦੇ ਰਹੇ ਹਨ।
ਸਮੂਹ ਸੰਗਤਾਂ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਇਸ ਸ਼ੁਭ ਅਵਸਰ ਤੇ, ਜੋ ਕਿ ਸਿਖ ਕੌਮ ਦੇ ਇਤਿਹਾਸ
ਵਿਚ ਵਡੀ ਮਹਾਨਤਾ ਰਖਦਾ ਹੈ, ਹੁਮ ਹੁਮਾ ਕੇ ਦਰਸ਼ਨ ਬਖਸ਼ਨ ਅਤੇ ਇਸ ਮਹਾਨ ਕਾਰਜ ਦੀ ਸਫਲਤਾ ਵਾਸਤੇ
ਕੀਤੀ ਜਾ ਰਹੀ ਅਰਦਾਸ ਵਿਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨ। ਇਸ ਕਾਰਜ ਨੂੰ ਛੇਤੀ ਤੋਂ ਛੇਤੀ ਨੇਪਰ
ਚਾੜਨ ਲਈ ਦੇਸ ਵਿਦੇਸ ਵਿਚ ਵਸਦੀਆਂ ਸਮੂਹ ਸੰਗਤਾਂ ਦੇ ਚਰਨਾ ਵਿਚ ਤਨ, ਮਨ, ਤੇ ਧਨ ਰਾਹੀਂ ਸੇਵਾ ਕਰਨ
ਲਈ ਅਪੀਲ ਕੀਤੀ ਜਾਂਦੀ ਹੈ।

ਪੁਛ ਗਿਛ ਲਈ ;
ਇੰਦਰ ਸਿੰਘ ਗੁਲਾਟੀ
ਗੋਬਿੰਦ ਨਗਰ, ਅੰਬਾਲਾ ਛਾਉਣੀ। ਫੋਨ: 20799

ਪ੍ਰਬੰਧਕ :
ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼-ਕੇਂਦਰ ਟ੍ਰਸਟ
ਅਬਾਲਾ ਛਾਉਣ।

## * ਪ੍ਰੋਗਰਾਮ *

| ਮਿਤੀ | ਵੇਰਵਾ | ਅਸਥਾਨ | ਸਮਾਂ |
|---|---|---|---|
| 5-11-72 | ਆਰੰਭ ਸ੍ਰੀ ਅਖੰਡ ਪਾਠ | ਗੁ: ਗੋਬਿੰਦ ਨਗਰ ਅੰਬਾਲਾ ਛਾਉਣੀ | 7 ਵਜੇ ਸਵੇਰੇ |
| 7-11-72 | ਭੋਗ ਸ੍ਰੀ ਅਖੰਡ ਪਾਠ | ,, | 6 ਵਜੇ ਸਵੇਰੇ |
| | ਕੀਰਤਨ ਤੇ ਕਥਾ | ,, | 6 ਤੋਂ 9 ਵਜੇ ਸਵੇਰੇ |
| | ਕੀਰਤਨ | ,, | 7 ਤੋਂ 9 ਵਜੇ ਸ਼ਾਮ |

## 8-11-72 ਦਿਨ ਬੁਧਵਾਰ

ਅੰਮ੍ਰਿਤ ਵੇਲੇ 4 ਵਜੇ ਸੰਗਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਵਾਰੀ ਦੇ ਨਾਲ ਨਗਰ ਕੀਰਤਨ ਕਰਦੀਆਂ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਭਵਨ ਅਸਥਾਨ ਤੇ 6 ਵਜੇ ਪੁਜਣਗੀਆਂ।

| | | |
|---|---|---|
| ਕੀਰਤਨ | ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਭਵਨ | 4 ਵਜੇ ਤੋਂ 8-30 ਸਵੇਰੇ |
| ਹੁਕਮਨਾਮੇ ਦੀ ਵੀਚਾਰ | ,, | 8-30 ਤੋਂ 9-30 ਸਵੇਰੇ |
| ਕੀਰਤਨ | ,, | 9-30 ਤੋਂ 10-30 ,, |
| ਵਖ ਵਖ ਵਿਦਵਾਨਾਂ ਦੇ ਲੈਕਚਰ | ,, | 10-30 ਤੋਂ 1-30 ਤਕ |
| ਅਰਦਾਸ ਤੇ ਦੇਗ | ,, | 2 ਵਜੇ ਦੁਪਹਿਰ |

ਉਪ੍ਰੰਤ ਪੰਥ ਦੇ ਪੰਜ ਸਤਿਕਾਰ ਯੋਗ ਸਿੰਘ ਸਾਹਿਬਾਨ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਭਵਨ ਦੇ ਨਿਸ਼ਾਨ ਸਾਹਿਬ ਦਾ ਨੀਂਹ ਪੱਥਰ ਰਖਿਆ ਜਾਵੇਗਾ।

ਗੁਰੂ ਕਾ ਲੰਗਰ ਵੀ ਅਤੁਟ ਵਰਤੇਗਾ ਜੀ। ਪੰਥ ਦੀਆਂ ਉਘੀਆਂ ਵਿਅਕਤੀਆਂ ਦਰਸ਼ਨ ਦੇ ਰਹੀਆਂ ਹਨ।

ਨੋਟ ;— ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਭਵਨ ਲਈ ਨੀਯਤ ਕੀਤਾ ਗਿਆ ਸਥਾਨ ਅੰਬਾਲਾ ਛਾਉਣੀ ਦਿਲੀ ਵਲ ਜੀ. ਟੀ. ਰੋਡ ਉਤੇ, ਕੇਵਲ 4 ਮੀਲ ਦੇ ਫਾਸਲੇ ਤੇ ਪਿੰਡ ਸ਼ਾਹਪੁਰ ਦੇ ਕੋਲ ਹੈ।

www.AKJ.Org

# ਕਲਿਤਾਰਨ ਗੁਰੂ ਨਾਨਕ ਸਾਹਿਬ ਜੀ

(ਸੇਵਾ :- ਪ੍ਰੋ: ਗੁਰਮੁਖ ਸਿੰਘ ਐਮ,ਏ, ਕਪੂਰਥਲਾ)

ਜੀ ਦੇ ਸੰਸਾਰ ਵਿਚ ਜਿਵੇਂ ਭਾਈ ਗੁਰਦਾਸ ਜੀ ਨੇ ਭੀ ਆਪਣੀਆਂ ਵਾਰਾਂ ਵਿਚ ਗੁਰੂ ਬਾਬੇ ਕਲਜੁਗ ਦੇ ਅਗਨ-ਰਥ ਪ੍ਰਕਾਸ਼ਮਾਨ ਹੋਣ ਦਾ ਇਕੋ ਇਕ ਪ੍ਰਯੋਜਨ ਦਸਿਆ ਹੈ ਕਿ ਕਿਉਂਕਿ ਸਾਰੀ ਪ੍ਰਿਥਮੀ ਕਲਜੁਗ ਵਿਚ ਸਤਨਾਮ ਦਾ ਚਕਰ ਕਾਰਨ ਜਲ ਰਹੀ ਸੀ, ਇਸ ਲਈ ਬਾਬਾ ਜੀ ਨੇ ਅਪਾਰ ਕਿਰਪਾ ਕੀਤੀ ਤੇ ਕਲਜੁਗ ਵਿਚ ਸਤਨਾਮ ਦਾ ਚਕਰ ਚਲਾਇਆ। ਜੀਵਾਂ ਨੂੰ ਇਸ ਕਲਜੁਗੀ ਅਗਨ ਵਿਚੋਂ ਕਢਿਆ। ਅਤੇ ਸੀਤਲ ਨਾਮ ਨਾਲ

"ਤਪਤ ਕੜਾਹਾ ਬੁਝ ਗਇਆ ਗੁਰਿ ਸੀਤਲ ਨਾਮ ਦੀਓ ॥" (ਪ;੧੦੦੨ )

"ਕਲਜੁਗੁ ਉਧਾਰਿਆ ਗੁਰਦੇਵ ॥
ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ (ਪ:੪੦੬)

ਅਸੀਂ ਸਾਰੇ ਨਿਤ ਦੇ ਜੀਵਨ ਵਿਚ ਭੀ, ਪਾਪ ਹੁੰਦੇ ਦੇਖਦੇ ਹਾਂ, ਅਤੇ ਕਹਿ ਛਡਦੇ ਹਾਂ "ਕਲਜੁਗ ਹੈ, ਕਿਸੇ ਦੇ ਕੀ ਵਸ"। ਪਰ ਕਲਜੁਗ ਹੈ ਕੀ? ਆਉ ਗੁਰੂ ਬਾਬਾ ਜੀ ਤੋਂ ਪੁਛਣਾ ਕਰੀਏ ਕਲਜੁਗ ਕਉਨ ਹੈ? ਕਲਜੁਗ ਦੇ ਜਨਮ ਬਾਰੇ ਲਿਖਿਆ ਹੈ,

"ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥
ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥ (ਪੰਨਾ ੧੯੧)

ਭਾਵ, ਲੋਕਾਂ ਦੀ ਬਿਰਤੀ (ਮਤ) ਜਦੋਂ ਨੀਚ ਹੋ ਜਾਏਗੀ ਉਦੋਂ ਕਲਜੁਗ ਦਾ ਜਨਮ ਸਮਝਣਾ ਚਾਹੀਦਾ ਹੈ । ( Culturally ) ਸਭਿਅਤਾ ਦੇ ਮਿਆਰ ਅਨੁਸਾਰ ਇਸ ਸ੍ਰਿਸ਼ਟੀ ਦੇ ਮਨੁਖ ਚੰਡਾਲਾਂ ਵਾਂਗ ਵਰਤਣ ਲਗ ਜਾਣ ਉਹਨਾਂ ਦੀ ਸੋਚਨੀ ਅਤੇ ਕਰਨੀ ਖੁਦ ਗਰਜ਼ੀ, ਝੂਠ, ਅਹੰਕਾਰ, ਤ੍ਰਿਸ਼ਨਾ ਅਤੇ ਈਰਖਾ ਦੀ ਅਗਨ ਦੇ ਆਧਾਰ



www.AKJ.Org

ਤੇ ਖੜੀ ਹੋਵੇਗੀ। ਭਾਵ ਮਨੁਖ ਵਿਚੋਂ ਮਨੁਖ ਤਤ ਉਡ ਜਾਨਗੇ ਮਨੁਖ ਵਿਚੌਂ ਮਨੁਖਤਾ ਖਤਮ ਹੋ ਜਾਏਗੀ ਅਤੇ ਉਹ ਪ੍ਰੇਤਾਂ ਵਾਂਗ, ਜਿਨ ਭੂਤਾਂ ਵਾਂਗ ਆਹਾਰ ਅਤੇ ਵਿਹਾਰ ਕਰੇਗਾ। ਉਦੋਂ ਕਲਜੁਗ ਸਮਝਣਾ ਚਾਹੀਦਾ ਹੈ।

ਯਥਾ ਗੁਰਵਾਕ :—

ਕਲਿ ਮਹਿ ਪ੍ਰੇਤ ਜਿਨੀ ਰਾਮ ਨਾ ਪਛਾਤਾ ਸਤਿਜੁਗਿ ਪਰਮਹੰਸ ਬੀਚਾਰੀ ॥
ਦੁਆਪਰ ਤ੍ਰੇਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ ॥੧॥ (ਪੰਨਾ ੧੧੩੧-੩੨)

ਪੁਨਾਂ: ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ ॥
ਪੁਤੁ ਜਿਨੂਰਾ, ਧੀਅ ਜਿਨੂਰੀ, ਜੋਰੂ ਜਿੰਨਾ ਦਾ ਸਿਕਦਾਰ ॥ (ਪੰਨਾ -੫੫੬)

ਭਾਵ ਕਲਜੁਗ ਵਿਚ ਮਨੁਖ ਜਿੰਨ ਦੇ ਰੂਪ ਵਿਚ ਪੈਦਾ ਹੋਏ ਹਨ। ਪੁਤਰ ਭੂਤਨਾ ਅਤੇ ਧੀਅ ਭੂਤਨੀ ਪੈਦਾ ਹੋਈ, ਅਤੇ ਇਸਤਰੀ ਇਸ ਕਲਜੁਗ ਵਿਚ ਇਹਨਾਂ ਜਿਨ ਭੂਤਾਂ ਦੀ ਸਰਦਾਰ ਹੈ।

ਇਕ ਥਾਂ ਹੋਰ ਗੁਰੂ ਬਾਬਾ ਜੀ ਫੁਰਮਾਂਦੇ ਹਨ।

ਸਲੋਕ ਮ: ੧ ॥- ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥
ਕੂੜ ਬੋਲ ਬੋਲ ਭਉਕਣਾ ਚੂਕਾ ਧਰਮ ਬੀਚਾਰ ॥
ਜਿਨ ਜੀਵੰਦਿਆ ਪਤਿ ਨਹੀਂ ਮੁਇਆਂ ਮੰਦੀ ਸੋਇ ॥
ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੋ ਹੋਇ ॥

ਮ: ੧ ॥ ਰੰਨਾ ਹੋਈਆਂ ਬੋਧੀਆਂ ਪੁਰਸ ਹੋਏ ਸਈਆਦ ॥
ਸੀਲੁ ਸੰਜਮੁ ਸੁਚ ਭੰਨੀ, ਖਾਣਾ ਖਾਜ ਅਹਾਜੁ ॥
ਸਰਮੁ ਗਇਆ ਘਰਿ ਆਪਣੇ ਪਤਿ ਉਠਿ ਚਲੀ ਨਾਲਿ ॥
ਨਾਨਕ ਸਚਾ ਏਕ ਹੈ ਅਉਰ ਨ ਸਚਾ ਭਾਲਿ ॥ (ਪੰਨਾ ੧੨੪੨-੪੩)

ਭਾਵ ਲੋਕਾਂ ਵਿਚ ਕੁੱਤੇ ਦੇ ਲਾਲਚ ਵਰਗਾ ਰਸਾਂ ਕਸਾਂ ਲਈ ਲਾਲਚ ਹੈ। ਮਨੁਖ ਪਸ਼ੂ ਬਿਰਤੀ ਬਣਦਾ ਜਾਂਦਾ ਹੈ। ਤੇ ਉਸਦਾ ਖਾਜਾ ਮੁਰਦਾਰ, ਭਾਵ ਮਾਸ ਆਦਿਕ ਹੀ ਬਣਿਆ ਹੋਇਆ ਹੈ। ਸ਼ਰਾਬ ਮਾਸ ਦਾ ਅਹਾਰ ਪਸ਼ੂ ਬਿਰਤੀ ਵਲ ਵਧੇਰੇ ਪ੍ਰੇਰਦਾ ਹੈ। ਕੂੜ ਬੋਲਣਾ ਅਤੇ ਧਰਮ ਦੀ ਵੀਚਾਰ ਨਾ ਕਰਨੀ ਇਹ ਉਸਦਾ ਨਿਤ ਦਾ ਜੀਵਨ ਹੈ। ਉਹਨਾਂ ਦੀ ਜੇ ਜੀਵੰਦਿਆਂ ਹੀ ਇਜ਼ਤ ਨਹੀਂ ਤਾਂ ਮਰਕੇ ਮੰਦੀ ਹੀ ਹੋਣੀ ਹੈ। ਇਸੇ ਤਰਾਂ ਇਸਤਰੀਆਂ ਬਾਰੇ ਸੰਕੇਤ ਕੀਤਾ ਹੈ ਕਿ ਮਨੁਖ ਤਾਂ ਪਸ਼ੂ ਬਿਰਤੀ ਕਰਕੇ ਸ਼ਿਕਾਰੀਆਂ ਵਾਂਗ ਕਾਮ-ਪੂਰਤੀ ਲਈ ਸ਼ਿਕਾਰ ਹੀ ਕਰਦੇ ਫਿਰਦੇ ਹਨ। ਕੋਈ ਧਰਮ ਜਾਂ ਸ਼ਰਮ ਸਵਾਲ ਹੀ ਨਹੀਂ ਰਹਿ ਗਿਆ ਉਥੇ ਇਸਤਰੀਆਂ ਬਜਾਏ ਇਸ ਜ਼ੁਲਮ ਨੂੰ ਰੋਕਣ ਦੇ ਸਗੋਂ ਉਹਨਾਂ ਦੇ ਕਾਮ ਦਾ ਸ਼ਿਕਾਰ ਬਣਨ ਲਈ ਮੂਰਖ ਹੋਕੇ



www.AKJ.Org

ਵਰਤਦੀਆਂ ਹਨ । ਤੀਵੀਆਂ ਜੋ ਸੰਸਾਰ ਵਿਚ ਨਰਮਾਈ ਅਤੇ ਜ਼ਬਤ ਦੀਆਂ ਰਖਵਾਲੀਆਂ ਸਨ, ਹੁਣ ਬੇਧੀਆਂ
(ਮਿਟੀ ਦੀਆਂ ਮਾਧੋ) ਬਣ ਕੇ ਆਪਣੀ ਇਜ਼ਤ ਗਵਾ ਰਹੀਆਂ ਹਨ । ਅਤੇ ਉਹ ਭੀ ਪਸ਼ੂ ਬਿਰਤੀ ਵਿਚ ਪ੍ਰਵੇਸ਼
ਕਰਕੇ ਮਨੁਖਾਂ ਨਾਲ ਰਲਕੇ ਉਹ ਅਹਾਰ ਖਾਂਦੀਆਂ ਹਨ ਜੋ ਨਾ ਖਾਣ ਜੋਗ ਹੋਵੇ। ਫ਼ੈਸ਼ਨਾਂ ਨੇ ਮਤਹੀ ਮਾਰ ਦਿਤੀ ਹੈ।

ਇਸ ਸਲੋਕ ਵਿਚ ਅਤੇ ਹੁਣ ਤਕ ਹੋਈ ਵੀਚਾਰ ਵਿਚ ਗੁਰੂ ਮਹਾਰਾਜ ਸਾਡੇ ਭੋਜਨ ਅਹਾਰ, ਅਤੇ ਬਿਰਤੀ
ਤੇ ਪੈ ਰਹੇ ਪਰਭਾਵ ਵਲ ਜੋ ਸੰਕੇਤ ਅਜ ਤੋਂ 500ਸਾਲ ਪਹਿਲਾਂ ਦਿਤੇ ਸਨ, ਉਹਨਾਂ ਤੋਂ ਇਹੋ ਸਿਧ ਹੁੰਦਾਹੈ ਕਿ
ਅਸੀਂ ਸਚ ਮੁਚ ਕਲਜੁਗੀ ਜੀਵ ਹਾਂ । ਅਤੇ ਸਾਡੇ ਉਪਰ ਤਾਂ

ਅੰਮ੍ਰਿਤ ਕਉਰਾ ਬਿਖਿਆ ਮੀਠੀ ॥
ਸਾਕਤ ਕੀ ਬਿਧਿ ਨੈਨਹੁ ਡੀਠੀ ॥

ਵਾਲੇ ਫੁਰਮਾਨ ਐਨ ਢੁਕਦੇ ਹਨ ?

ਦੂਸਰੀ ਨਿਸ਼ਾਨੀ ਗੁਰੂ ਬਾਬਾ ਜੀ ਨੇ ਕਲਜੁਗ ਦੀ ਇਹ ਦਸੀ ਹੈ ਕਿ ਹਰ ਥਾਂ ਤੇ ਮਨੁਖ ਈਰਖਾ ਦੀ ਅੱਗ
ਵਿਚ ਸੜੇਗਾ । ਆਸਾ ਜੀ ਦੀ ਵਾਰ ਵਿਚ ਆਪ ਫੁਰਮਾਂਦੇ ਹਨ ।

ਕਲਜੁਗ ਰਥ ਅਗਨ ਕਾ
ਕੂੜ ਅਗੇ ਰਥਵਾਹੁ

ਕਲਜੁਗ ਦਾ ਮਨੁਖੀ ਕਰਣ ਕਰਕੇ ਮਹਾਰਾਜ ਸਮਝਾਂਦੇ ਹਨ, ਕਿ ਕਲਜੁਗ ਜਿਸ ਵਾਹਿਨ (ਰਥ) ਵਿਚ
ਬੈਠਾ ਹੈ ਉਹ ਲਕੜ ਜਾਂ ਸਟੀਲ ਦਾ ਨਹੀਂ ਬਣਿਆ ਬਲਕਿ ਉਸ ਵਿਚੋਂ ਸੇਕ ਹੀ ਸੇਕ ਨਿਕਲਦਾ ਹੈ । ਅਤੇ
ਇਸ ਰਥ ਨੂੰ ਚਲਾਣ ਵਾਲੀ ਸ਼ਕਤੀ ਕੂੜ ਹੈ । ਭਾਵ ਮਨੁਖ ਦੇ ਸੁਭਾ ਵਿਚ ਦੋ ਗਲਾਂ ਪਰਧਾਨ ਹੋਣਗੀਆਂ ਇਕ
ਸੜਨਾ, ਕਰੋਧ ਕਰਨਾ, ਈਰਖਾ ਕਰਨਾ । ਖਿਝਨਾ । ਟੋਕਾ ਟਾਕੀ ਕਰਨੀ। ਦੂਜਿਆਂ ਨੂੰ ਝਿੜਕਣਾ ਜਾਂ ਹੋਰਨਾਂ
ਦੀ ਅਲੋਚਨਾ ਕਰਨੀ । ਇਹ ਸਭ ਅਗਨੀ ਦੇ ਗੁਣ ਮੰਨੇ ਹਨ । ਅਤੇ ਦੂਜੀ ਪਰਮੁਖ ਬਿਰਤੀ ਕੂੜ ਬੋਲਣ ਦੀ,
ਕੂੜ ਲਿਖਣ ਦੀ, ਕੂੜ ਵਿਹਾਝਨ ਦੀ, ਕੂੜਿਆਰਾਂ ਦੀ ਸੰਗਤ ਵਿਚ ਬੈਠ ਕੇ ਖੁਸ਼ੀ ਮਹਿਸੂਸ ਕਰਨੀ. ਕੂੜੀ
ਨਿੰਦਾ ਚੁਗਲੀ ਕਰਨੀ ਇਹ ਸਭ ਕੂੜ ਦੇ ਸੁਭਾਅ ਕਰਕੇ ਚੰਡਾਲਕ ਗੁਣ ਮੰਨੇ ਹਨ ।

ਗੁਰੂ ਬਾਬਾ ਜੀ ਸਚੇ ਵੈਦ ਵਾਂਗ ਅਸਾਂ ਕਲਜੁਗੀ ਜੀਵਾਂ ਦੀ ਨਬਜ਼ ਤੇ ਹਥ ਰਖਕੇ ਪਰਖਦੇ ਹਨ ਕਿ ਸਾਡੇ
ਅੰਦਰ ਕੂੜ ਅਤੇ ਅਗਨੀ ਦੇ ਰੋਗ ਪਰਧਾਨ ਹਨ ! ਬੜੇ ਬੜੇ ਸੰਤ ਮਹਾਂਪੁਰਖ, ਗਿਆਨੀ, ਪਾਠੀ, ਕੀਰਤਨਏ
ਇਸ ਅਗਨ ਨੇ ਸਾੜੇ ਹਨ । ਤਾਂ ਹੀ ਤੇ ਸੰਕੇਤ ਕੀਤਾ ਹੈ ਕਿ ਸ਼ਾਇਦ ਹੀ ਕੋਈ ਹਰਾ ਬੂਟਾ ਬਚ ਗਿਆ ਹੋਵੇ।
ਸਭ ਬੂਟੇ ਇਸੇ ਅਗਨ ਨੇ ਝੁਲਸ ਦਿਤੇ ਹਨ । ਬਾਬਾ ਫਰੀਦ ਜੀ ਭੀ ਇਹੀ ਦੁਹਾਈ ਪਾਂਦੇ ਹਨ

ਉਚੇ ਚੜ੍ਹਿ ਕੇ ਦੇਖਿਆ ਤਾਂ ਘਰਿ ਘਰਿ ਏਹਾ ਅਗਿ ।

ਜੀਵਾਂ ਦੇ ਨਾਲ ਨਾਲ ਗੁਰੂ ਬਾਬਾ ਜੀ ਨੂੰ



www.AKJ.Org

"ਜਲਤੀ ਸਭਿ ਪ੍ਰਿਥਵੀ ਦਿਸਿਆਈ ।

ਬਾਝਹੁ ਗੁਰੁ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ । (ਵਾਰ ੧ ਪਉੜੀ ੨੪)

ਦੂਜੇ ਸ਼ਬਦਾਂ ਵਿਚ ਗੁਰੂ ਮਹਾਰਾਜ ਜੀ ਦਾ ਸਚਾ ਮਿਸ਼ਨ ਸੀ, ਤਪਦੇ ਹਿਰਦੇ ਠਾਰਨੇ, ਕੂੜ ਕਢ ਕੇ ਸਚ ਨੂੰ ਵਸਾਉਣਾ । ਜੋ ਰੂਹ ਵਾਹਿਗੁਰੂ ਤੋਂ ਇਹਨਾਂ ਵਿਕਾਰਾਂ ਕਰਕੇ ਵਿਛੜ ਪਈ ਹੈ ਉਸਨੂੰ ਪਿਆਰ ਦੀ ਕੰਣੀ ਦੀ ਰਸਾਇਣ ਦੇ ਕੇ ਵਧਣ ਫੂਲਣ ਤੇ ਪ੍ਰਭੂ ਨਾਲ ਮੇਲ ਦਾ ਅਵਸਰ ਬਖਸ਼ਣਾ ।

ਹੁਣ ਭੀ, ਅਤੇ ਉਦੋਂ ਭੀ ਪੁਰਾਣੀ ਪਰੰਪਰਾ ਅਨੁਸਾਰ ਆਮ ਲੋਕੀ ਪੁਰਾਤਨ ਧਾਰਮਕ ਸਾਧਨਾ ਨਾਲ ਆਪਣੀ ਆਤਮਕ ਤਰੱਕੀ ਕਰਨੀ ਲੋਚਦੇ ਹਨ । ਕਈ ਪ੍ਰਕਾਰ ਦੇ ਸੰਜਮ, ਤੀਰਥਾਂ ਦੇ ਇਸ਼ਨਾਨ, ਜਪ, ਤਪ, ਹਠ, ਯੋਗ ਸਾਧਨਾ ਕਰਨੀ । ਗੁਰੂ ਬਾਬਾ ਜੀ ਬੜੇ ਜ਼ੋਰਦਾਰ ਸ਼ਬਦਾ ਵਿਚ ਆਖਦੇ ਹਨ

ਅਬ ਕਲੂ ਆਇਓ ਰੇ ।। ਇਕੁ ਨਾਮੁ ਬੋਵਹੁ ਬੋਵਹੁ ।।
ਅਨ ਰੁਤਿ ਨਾਹੀ ਨਾਹੀ ।। ਮਤਿ ਭਰਮਿ ਭੂਲਹੁ ਭੂਲਹੁ ।।

ਕਿਉਂਕਿ (ਪੰਨਾ -੧੧੮੫)

ਜੁਗਿ ਜੁਗਿ ਆਪੋ ਆਪਣਾ ਧਰਮ ਹੈ
ਸੋਧਿ ਦੇਖਹੁ ਬੇਦ ਪੁਰਾਨਾ ।। (ਪ: ੭੯੭)

ਅਤੇ ਹਰਿ ਨਾਮ, ਹਰੀ ਕੀਰਤਨ ਦਾ ਨੁਸਖਾ ਪਿਛਲੇ ਜੁਗਾਂ ਦੇ ਤਜਰਬੇ ਤੋਂ ਬਾਦ ਅਕਾਲ ਪੁਰਖ ਵਲੋਂ ਸਤਿਗੁਰਾਂ ਨੂੰ ਮਿਲਿਆ ਹੈ ।

ਅਤੇ ਇਸੇ ਕਲਜੁਗ ਵਿਚ ਚੁਹਾਂ ਜੁਗਾਂ ਦਾ ਨਿਬੇੜਾ ਹੀ ਹੋ ਜਾਣਾ ਹੈ ।

"ਚਹੁ ਜੁਗਾਂ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ।।
ਜਤੁ ਸੰਜਮ ਤੀਰਥ ਉਨਾ ਜਗਾ ਕਾ ਧਰਮੁ ਹੈ
ਕਲਿ ਕੀਰਤ ਹਰਿ ਨਾਮਾ ।। (ਪੰਨਾ ੭੯੭)

ਪਿਛਲੇ ਜੁਗ ਲੰਘ ਗਏ, ਉਸ ਵੇਲੇ ਦੇ ਕਿਰਤ ਵਿਰਤ, ਕਰਮ ਧਰਮ ਅਤੇ ਸਾਧਨਾ ਉਹਨਾਂ ਨਾਲ ਖਤਮ ਹੋ ਗਈਆਂ । ਕਲਜੁਗ ਵਿਚੋ ਓਹੋ ਜਹੀਆਂ ਕਠਨ ਘਾਲਾਂ ਘਾਲਨੀਆਂ ਕਲਜੁਗੀ ਅਤੇ ਚੰਡਾਲਕ ਸੁਭਾਅ ਦੇ ਲੋਕਾਂ ਲਈ ਅਤਿ ਕਠਨ ਹੈਨ । ਗੁਰੂ ਬਾਬਾ ਜੀ ਨੇ ਬਹੁਤ ਸੋਖ ਰਸਤਾ ਦਸਿਆ ਹੈ ।

ਧੰਨ ਸੁ ਕਲਜੁਗੁ ਸਾਧ ਸੰਗਿ ਕੀਰਤਨੁ ਗਾਈਐ,
ਨਾਨਕ ਨਾਮ ਅਧਾਰ ਹੀਓ ।। (ਪੰਨਾ 382-83)



www.AKJ.Org

ਹਰੀ ਨਾਮ ਜਪਣਾ, ਕੀਰਤਨ ਸੁਣਨਾ ਅਥਵਾ ਕਰਨਾ ਸਾਧ ਸੰਗਤ ਵਿਚ ਬੈਠਣਾ. ਇਹ ਸਭ ਤੋਂ ਉਤਮ ਸਾਧਨ ਹਨ ਜਿਨਾਂ ਕਰਕੇ ਸਤਿਗੁਰ ਜੀ ਨੇ ਕਲਜੁਗ ਨੂੰ ਭੀ ਧੰਨ ਆਖਿਆਹੈ ਜੇ ਕਲਜੁਗ ਵਿਚ ਸਾਨੂੰ ਇਹੋ ਜਿਹੈ ਸੌਖੇ ਸਾਧਨ ਪ੍ਰਾਪਤ ਹੋ ਕੇ ਪ੍ਰਭੂ ਮੇਲ ਹੋ ਜਾਏ ਸਾਡੇ ਧੰਨ ਭਾਗ ।

ਇਕ ਸਵਾਲ ਉਠਦਾ ਹੈ ਕਿ ਕੀ ਜੁਗਾਂ ਦੇ ਪਲਟੇ ਕਰਕੇ ਮਨੁਖਾਂ ਦੇ ਸੁਭਾਅ ਵਿਚ ਤਬਦੀਲੀ ਆਉਂਦੀ ਹੈ? ਜਾਂ ਦੂਜੀ ਤਰ੍ਹਾਂ, ਮਨੁਖੀ ਸੁਭਾਅ ਵਿਚ ਗਿਰਾਵਟ (perversion ) ਕਾਰਨ ਜੁਗ ਪਲਟਾ ਮੰਨਿਆ ਜਾਏ? ਇਹ ਭਾਵੇਂ ਫਿਲਾਸਫਰਾਂ ਦਾ ਪ੍ਰਸ਼ਨ ਹੈ, ਪਰ ਇਸ ਉਤੇ ਭੀ ਗੁਰੂ ਨਾਨਕ ਪਾਤਸ਼ਾਹ ਆਪਣੇ ਵਿਚਾਰ ਪਰਗਟ ਕਰਦੇ ਹੋਏ ਦਸਦੇ ਹਨ ਕਿ ਇਹ ਗਲ ਮੰਨਣ ਦੀ ਗੁੰਜਾਇਸ਼ ਨਹੀਂ ਕਿ ਜੁਗਾਂ ਦਾ ਅਸਰ ਜੀਵਾਂ ਤੇ ਹੁੰਦਾ ਹੈ । ਜੇ ਇਹ ਮੰਨਿਆ ਜਾਏ ਕਿ ਜੁਗਾਂ ਦਾ ਅਸਰ ਜੀਵਾਂ ਤੇ ਹੁੰਦਾ ਹੈ ਤਾਂ ਕਲਜੁਗ ਵਿਚ ਕੋਈ ਧਰਮੀ ਪੁਰਖ ਨਾ ਲਭੇ ਸਾਰੇ ਹੀ ਕਲਜੁਗੀ, ਨੀਚ ਬਿਰਤੀ ਵਾਲੇ ਹੋਣ । ਪਰ ਨਹੀਂ ਗੁਰੂ ਬਾਬਾ ਜੀ ਫੁਰਮਾਂਦੇ ਹਨ ਕਿ ਜਿਥੇ ਕੋਈ ਚੰਗਾ ਕੰਮ ਕਰੇ, ਸਿਮਰਨ ਕਰੇ ਸਤਸੰਗਤ ਕਰੇ, ਕੀਰਤਨ ਸੁਣੇ ਜਾਂ ਕਰੇ, ਉਥੇ ਕਲਜਗ ਨਹੀਂ ਸਗੋਂ ਸਤਜੁਗ ਹੈ । ਕਲਜੁਗ ਵਿਚ ਹੀ ਦਸੇ ਗੁਰੂ ਸਾਹਿਬਾਨ ਹੋਏ । ਅਤੇ ਕਲਜੁਗ ਵਿਚ ਅਸੀਂ ਗੁਰੂ ਗ੍ਰੰਥ ਜੀ ਦੇ ਲੜ ਲਗ ਕੇ ਸਤਜੁਗ ਵਿਚ ਹੀ ਹਾਂ । ਕਲਜੁਗ ਤਾਂ ਕੇਵਲ ਮਨੁਖੀ ਸੁਭਾਅ ਵਿਚ ਆਈ ਗਿਰਾਵਟ ਦਾ ਨਾਮ ਹੈ । ਸੁਭਾਅ ਵਿਚ ਆਈ ਗਿਰਾਵਟ ਦਾ ਨਾਮ ਹੈ । ਸੁਭਾਅ ਵਿਚ ਕਾਮ, ਕ੍ਰੋਧ ਅਹੰਕਾਰ ਬਾਲੇ ਹੀ ਪ੍ਰਬਲ ਹੋ ਜਾਣ ਤਾਂ ਸਮਝੋ ਕਲਜੁਗ ਆ ਵੜਿਆ ।

ਕਲਜੁਗ ਦੇ ਲਛਣ ਦਸਦੇ ਹੋਏ ਰਾਮਕਲੀ ਮ: ੧ ਅਸਟਪਦੀਆਂ ਪੰਨਾ 902 ਤੇ ਆਪ ਫੁਰਮਾਂਦੇ ਹਨ ।

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥ ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ
ਕਰਹਿ ਧਿਙਾਣਾ ਕਲਿ ਲਖਣ ਵੀਚਾਰ ॥੧॥ ਰਹਾਉ ॥

ਕਿਤੈ ਦੇਸਿ ਨ ਆਇਆ ਸੁਣੀਐ, ਤੀਰਥ ਪਾਸ ਨ ਬੈਠਾ ॥
ਦਾਤਾ ਦਾਨ ਕਰੇ ਤਹ ਨਾਹੀ ਮਹਲ ਉਸਾਰ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥
ਜਿਸ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥
ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ, ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ।



www.AKJ.Org

ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ।।

ਬਾਣੀ ਬ੍ਰਹਮਾ ਬੇਦ ਅਥਰਬਣੁ ਕਰਣੀ ਕੀਰਤ ਲਹਿਆ ॥ ੫

ਪਤਿ ਵਿਣੁ ਪੂਜਾ, ਸਤ ਵਿਣੁ ਸੰਜਮ, ਜਤ ਵਿਣੁ ਕਾਹੇ ਜਨੇਉ ॥

ਨਾਵਹੁ ਧੋਵਹੁ ਤਿਲਕ ਚੜਾਵਹੁ ਸੁਚ ਵਿਣ ਸੋਚ ਨ ਹੋਈ ॥ ੬

ਕਲਿ ਪਰਵਾਣ ਕਤੇਬ ਕੁਰਾਣੁ ॥ ਪੋਥੀ ਪੰਡਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂੰ ਏਕੋ ਜਾਣੁ ॥ ੭
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀਂ ॥
ਜੇ ਘਰ ਹੋਦੈ ਮੰਗਣ ਜਾਈਐ ਫਿਰਿ ਓਲਾਮਾ ਮਿਲੈ ਤਹੀ ॥ ੮

ਸਮੁਚੇ ਸ਼ਬਦ ਦੀ ਵਿਚਾਰ ਇਹ ਹੈ ਕਿ ਉਹੀ ਧਰਤੀ, ਉਹੀ ਸੂਰਜ, ਚੰਦ ਤੇ ਤਾਰੇ, ਹਨ । ਫਿਰ ਜੁਗ ਦਾ ਅਸਰ ਜੀਵਾਂ ਤੇ ਕਿਸ ਤਰਾਂ ਪੈਂਦਾ ਹੈ । ਜੀਵਨ ਦੀ ਇਛਾ ਹੀ ਕਲਜੁਗ ਦਾ ਮੂਲ ਹੈ ਇਸ ਲਈ ਜੀਵਨ ਤਲਬ ਨਿਵਾਰਹੁ ਨਾਮ ਜਪੋ, ਕਲਜੁਗ ਦੂਰ ਹੋ ਜਾਏਗਾ ।

ਇਹ ਨਹੀਂ ਸੁਣਨ ਵਿਚ ਆਇਆ ਕਿ ਕਲਜੁਗ ਕਿਸੇ ਤੀਰਥ ਤੇ ਬੈਠਾ ਹੈ ਜਾਂ ਫਲਾਨੇ ਦੇਸ ਵਿਚ, ਪਰ ਉਸ ਦੇ ਲਛਣ ਦਸਦੇ ਹਨ ਮਨੁਖੀ ਸੁਭਾਅ ਦੀ ਗਿਰਾਵਟ। ਕਲਜੁਗ ਵਿਚ ਸਤ ਧਰਮੀ ਪੁਰਖ ਦੀ ਬਦਨਾਮੀ ਹੁੰਦੀ ਹੈ, ਤਪੀ ਦਾ ਤਪ ਪੂਰਾ ਨਹੀਂ ਹੁੰਦਾ । ਜੇ ਲੀਡਰ ਬਣਦੇ ਹਨ ਉਹਨਾਂ ਨੂੰ ਬਦਨਾਮੀ ਹੀ ਮਿਲਦੀ ਹੈ, ਨੌਕਰ ਨੂੰ ਕੋਈ ਡਰ ਨਹੀਂ । "ਆਖ ਗੁਣਾ" ਵਿਚ ਦਸ਼ਾ ਵਜ਼ਨ ਹੈ । ਮਹਾਰਾਜ ਹੁਕਮ ਕਰਦੇ ਕਿ ਇਸ ਜੁਗ ਵਿਚ 'ਤਿਹੁ ਜੁਗ ਕੇਰਾ' ਭਾਵ ਤਿੰਨਾ ਜੁਗਾਂ ਦਾ ਨਿਬੇੜਾ ਹੋਣਾ ਹੈ ਕੇਵਲ ਵਾਹਿਗੁਰੂ ਜੀ ਦੇ 'ਆਖ ਗੁਣਾ' ਰਾਹੀ । ਨਿਆਂ ਵਲ ਇਸ਼ਾਰਾ ਕੀਤਾ ਹੈ ਕਿ ਨਿਆਂ ਕਿਤਾਬਾਂ ਵੇਖ ਵੇਖ ਕੇ ਕੀਤਾ ਜਾਏਗਾ ਜਿਵੇਂ ਮੁਸਲਮਾਨ ਸ਼ਰ੍ਹਾ ਅਨੁਸਾਰ ਨਿਆਂ ਕਰਦੇ ਸਨ । ਕਲ ਵਿਚ ਅਥਰਬਣ ਵੇਦ ਬ੍ਰਹਮਾ ਦੀ ਬਾਣੀ ਮੰਨਿਆ ਜਾਂਦਾ ਹੈ । ਅਤੇ ਉਸਦਾ ਸਾਰ ਹੈ 'ਕੀਰਤ' ।

ਮਹਾਰਾਜ ਪੁਛਣਾ ਕਰਦੇ ਹਨ ਕਿ ਜੇ ਕਿਸੇ ਨੂੰ ਰਬ ਉਤੇ ਵਿਸ਼ਵਾਸ਼ ਹੀ ਨਹੀਂ ਤਾਂ ਪੂਜਾ ਦਾ ਕੀ ਲਾਭ ? ਅਤੇ ਸਚੀ ਰਹਿਣੀ ਬਿਨਾਂ ਪਵਿਤ੍ਰਤਾ ਨਹੀਂ ਹੋ ਸਕਦੀ । ਕਲਜੁਗ ਵਿਚ ਨਾ ਤਾਂ ਕੁਰਾਣ ਅਤੇ ਨਾ ਹੀ ਪੁਰਾਣ ਪਰਵਾਣ ਹਨ । ਉਹ ਹੁਣ ਨਹੀਂ ਮੰਨੇ ਜਾਂਦੇ । ਮੁਕਦੀ ਗਲ ਇਹ ਹੈ ਕਿ ਕਲਜੁਗ ਵਿਚ ਜੇ ਗੁਰੂਦੁਆਰਾ ਨਾਮ ਪ੍ਰਾਪਤ ਹੋ ਜਾਏ ਤਾਂ ਇਸ ਤੋਂ ਉਪਰ ਨਾ ਕੋਈ ਕਰਮ ਹੈ ਅਤੇ ਨਾ ਕੋਈ ਧਰਮ । ਵਾਹਿਗੁਰੂ ਜੀ ਦੇ ਹੁੰਦਿਆਂ ਫਿਰ ਦਰ ਦਰ ਤੇ ਮੜ੍ਹੀ ਮਸਾਣਾ, ਦੇਵੀ ਦੇਵਤਿਆਂ ਦੇ ਜਾ ਜਾ ਮੰਗਣਾ ਸੋਭਦਾ ਨਹੀਂ ।

ਜਾ ਕਾ ਠਾਕੁਰ ਉਚੋ ਹੋਈ
ਸੋ ਜਨ ਪਰ ਘਰ ਜਾਤ ਨ ਸੋਹੀ ।

ਇਹ ਹੈ ਕਲ-ਤਾਰਣ ਗੁਰੂ ਨਾਨਕ ਸਾਹਿਬ ਜੀ ਦਾ ਸੰਦੇਸ਼ । ਆਪਾਂ ਜਤਨ ਕਰੀਏ ਸੁਭਾਅ ਬਦਲਨ ਦੇ । ਸਤਜੁਗੀ ਸੁਭਾਅ ਸਾਨੂੰ ਵਾਹਿਗੁਰੂ ਜੀ ਦੇ ਹੋਰ ਵਧੇਰੇ ਨੇੜੇ ਲੈ ਜਾਣਗੇ । ਕਲਜੁਗੀ ਨੀਚ ਸੁਭਾਅ ਕਰਕੇ ਅਸੀਂ ਉਸ ਤੋਂ ਦੂਰ ਹੁੰਦੇ ਜਾਂਦੇ ਹਾਂ ।

—o—



www.AKJ.Org

## ਬਾਬੇ ਦੀ ਇਕ ਸਿਖਿਆ

### ਹਜ਼ੂਰੀ ਵਿਚ ਗਾਵੋ ਤੇ ਸਿਮਰੋ

(ਸੇਵਾ : ਭਾਈ ਤਾਰਾ ਸਿੰਘ (ਐਮ.ਏ.) ਕਪੂਰਥਲਾ)

ਉਸ ੧ਓ (ਲਾ ਸ਼ਰੀਕ) ਵਾਹਿਗੁਰੂ ਨੂੰ ਗਾਉਂਦੇ(ਅਰਾਧਦੇ)ਤਾਂ ਸਭ ਹਨ। ਇਸ ਤੋਂ ਬਿਨਾ ਗੁਜ਼ਾਰਾ ਹੀ ਨਹੀਂ। ਮਨੁੱਖ-ਜਾਤੀ ਤਾਂ ਕੀ ਉਸਨੂੰ ਤਾਂ ਪਸ਼ੂ-ਪੰਖੀ, ਸੈਲ ਤਰਵਰ ਸਾਰੇ ਹੀ ਆਰਾਧਦੇ ਹਨ।

"ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ...................ਅਤੇ

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ, ਸੁ ਬਿਨ ਹਰਿ ਜਾਪਤ ਹੈਨਹੀ ਹੋਰ॥" (ਮ: ਮ: ੪ ਪੰ:1265)

ਉਸਦੀ ਜੋਤਿ ਦਾ ਹਰ ਥਾਂ ਪਸਾਰਾ ਹੈ। ਉਸ ਤੋਂ ਬਿਨਾ ਕੋਈ ਥਾਂ ਨਹੀਂ। ਇਸ ਲਈ ਉਸ ਤੋਂ ਵਖਰੀ ਤੇ ਅੱਡ ਮਖਲੂਕਾਤ ਦੀ ਕੋਈ ਵਸਤੂ ਹੋ ਹੀ ਨਹੀਂ ਸਕਦੀ।

"ਜ਼ਮੀ ਜ਼ਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ।

ਨਾ ਘਾਟ ਹੈ ਨ ਬਾਢ ਹੈ, ਨਾ ਘਾਟ ਬਾਢ ਹੋਤ ਹੈ।" (ਗੁਰੂ ਗੋਬਿੰਦ ਸਿੰਘ ਜੀ)

ਆਸਮਾਨ, ਸਿਤਾਰੇ, ਚੰਦ੍ਰਮਾ, ਸੂਰਜ ਅਤੇ ਹਵਾ ਬਨਸਪਤੀ, ਫਲ, ਫੁੱਲ ਅਤੇ ਪੌਦੇ ਹਰ ਸਮੇਂ, ਹਰ ਪਲ ਉਸ ਸਮਸਤ ਜੋਤਿ ਦੀ ਆਰਤੀ ਵਿਚ ਨਿਮਗਨ ਹਨ:—

"ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਧੂਪੁ ਮਲਆਨ ਲੋ ਪਵਣ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ॥ (ਪ.ਮ: ੧ ਪੰ;663)

ਪ੍ਰੰਤੂ ਇਤਨਾ ਕੁਝ ਹੁੰਦੇ ਹੋਏ ਵੀ ਉਸ ਅਕਾਲੀ ਜੋਤਿ (ਕਾਲ ਤੋਂ ਰਹਿਤ ਜੋਤਿ) 'ਤੂੰ ਅਕਾਲ ਪੁਰਖ ਨਾਹੀ ਸਿਰਿ ਕਾਲਾ॥ ਤੂੰ ਪੁਰਖੁ ਅਲੇਖ ਅਗੰਮਨਿਰਾਲਾ"(ਮਾਰੂ ਸੋਲਹੇ ਮ: ੧)ਨੂੰ ਪਾਉਣ ਅਤੇ ਰੀਝਾਉਣ ਲਈ ਹਜ਼ੂਰੀ ਵਿਚ ਗਾਉਣਾ ਜਾਂ ਆਰਧਣਾ ਅਤੀ ਲਾਜ਼ਮੀ ਹੈ।

ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਸੋਦਰ ਦੀ ਪਉੜੀ (ਪ; 27) ਵਿਚ ਵਿਆਖਿਆ ਸਹਿਤ



www.AKJ.Org

ਦਸਦੇ ਹਨ ਕਿ ਹੇ ਅਕਾਲ ਪੁਰਖੁ ਜੀਉ । ਪਉਣੁ,ਪਾਣੀ, ਬੈਸੰਤਰੁ, ਧਰਮੁ-ਰਾਜ, ਦੇਵੀ-ਦੇਵਤੇ, ਸਿਧ-ਸਾਧਕ, ਜਤੀ-ਸਤੀ, ਰਿਖੀ-ਪੰਡਿਤ, ਸੁਰਗੁ-ਪਾਤਾਲ ਜੋਧੇ-ਸੂਰਮੇ, ਅਤੇ ਖੰਡ-ਬ੍ਰਹਮੰਡ ਸਾਰੇ ਹੀ ਤੈਨੂੰ ਗਾਂਉਦੇ ਤੇ ਆਰਾਧਦੇ ਹਨ ਪ੍ਰੰਤੂ :- 'ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈਂ ਚਿਤਿ ਨ ਆਵਨ

ਨਾਨਕ ਕਿਆ ਬੀਚਾਰੇ ।।" ਅਤੇ

ਸਈ ਤੁਧ ਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤਿ ਰਸਾਲੇ ।।੧।। (ਰਾ:ਆਸਾ ਮ: ੧)

ਗਾਵਿਆ ਅਤੇ ਆਰਾਧਿਆ ਉਹਨਾਂ ਦਾ ਹੀ ਥਾਉ ਪੈਂਦਾ ਹੈ ਜੋ ਹਜ਼ੂਰੀ ਵਿਚ ਗਾਉਦੇ ਹਨ ਅਤੇ ਉਸ ਕੋਟਿ ਬ੍ਰਹਮੰਡ ਦੇ ਠਾਕੁਰੁ ਸੁਆਮੀ ਦੇ ਮਨ ਨੂੰ ਭਾਉਦੇ ਹਨ ।

ਸੁਲਤਾਨ ਪੁਰ ਸਾਹਿਬ ਵਿਖੇ ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਕਾਜ਼ੀ ਨਾਲ ਨਮਾਜ਼ ਪੜਨ ਤੋਂ ਇਨਕਾਰ ਕਰ ਦਿਤਾ ਸੀ ਕਿਉਂਕਿ ਕਾਜ਼ੀ ਅਤੇਨਵਾਬ ਸਾਰੇ ਹੀ ਲੋਕ-ਦਿਖਾਵੇ ਲਈ ਨਮਾਜ਼ ਪੜਦੇ ਸਨ।ਉਸ ਲਾ-ਸ਼ਰੀਕ ਅਤੇ ਲਾ-ਮਹਿਦੂਦ ਨਾਲ ਇਕੋ-ਮਿੱਕ ਹ ਕੇ ਨਹੀਂ ਪੜਦੇ ਸਨ ।

ਸੁਲਤਾਨ ਪੁਰ ਤੋਂ ਪਹਿਲੀ ਉਦਾਸੀ ਤੇ ਤੁਰਨ ਸਮੇਂ ਗੁਰੂ ਨਾਨਕ ਦੇਵ ਜੀ ਨੇ ਵਜਦ ਵਿਚ ਆਕੇ ਗਾਵਿਆ :—

"ਸੋਦਰੁ ਕੋਈ ਆਇ ਕਹੈ, ਜਿਸਿ ਦਰੁ ਕਾਰਨਿ ਫਿਰਾਂ ਉਦਾਸੀ ।।"

ਅਰਥਾਤ-ਉਹ ਦਰੁ ਕਿਹੜਾ ਹੈ ਜਿਥੇ ਬੈਠਿਕੇ ਇੱਕ ਮਿੱਕ ਹੋ ਕੇ ਪ੍ਰਮਾਤਮਾ ਨੂੰ ਗਾਵਿਆ ਜਾਵੇ ।।

ਸੁਲਤਾਨ ਪੁਰ ਵਿਖੇ ਹੀ ਗੁਰੂ ਸਾਹਿਬ ਤਿੰਨ ਦਿਨ ਲਈ ਸੱਚ-ਖੰਡ ਵਿਖੇ ਪਧਾਰੇ ਉਸ ਅਕਾਲ ਪੁਰਖ ਦੀ ਹਜ਼ੂਰੀ ਵਿਚ ਉਸ ਦੇ ਲੱਛਣ (ਗੁਣ-definition) ਵਰਨਣ ਕੀਤੇ ਜੋ ਜਪੁਜੀ-ਸਾਹਿਬ ਦੇ ਮੂਲ-ਮੰਤਰ ਵਿਚ ਦਰਜ ਹੈ । ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ

"ਅਚਲ ਮੂਰਤਿ ਅਨਭਉ ਪ੍ਰਕਾਸ਼ ਅਮਿ ਤੋਜਿ ਕਹਿਜੈ"

ਕਰਕੇ ਵਰਨਣ ਕੀਤਾ ਹੈ । (ਗੁਰੂ ਗੋਬਿੰਦ ਸਿੰਘ ਜੀ)

ਉਸ ਵਿਚ ਇੱਕ-ਮਿੱਕ ਹੋ ਕੇ ਗਾਉਣ ਲਈ ਜਾਂ ਹਜ਼ੂਰੀ ਵਿਚ ਗਾਉਣ ਲਈ ਦੋ ਔਗੁਣ ਅਵੱਸ਼ ਛਡਨੇ ਪੈਂਦੇ ਹਨ (੧) ਹਉਮੈ (੨) ਦੁਬਿਧਾ ਅਤੇ ਇੱਕ ਮੁੱਖ ਗੁਣਾ "ਨਿਮਰਤਾ" ਜਰੂਰ ਧਾਰਨਿ ਕਰਨਾ ਪੈਂਦਾ ਹੈ।

ਹਉਮੈ ਦਾ ਅਤੇ ਨਾਮ ਦਾ ਆਪਸ ਵਿਚ ਵਿਰੋਧਹੈ । ਦੋਵੇਂ ਇਕ ਥਾਂ ਨਹੀ ਟਿਕ ਸਕਦੇ । ਮਨੁੱਖ ਦਾ ਆਉਣਾ ਜਾਣਾ, ਖੱਟਣਾ-ਗੁਆਉਣਾ, ਪਾਪ-ਪੁੰਨ ਕਰਨਾ ਸਭ ਹਉਮੈ ਅਧੀਨ ਹਨ । ਇਸ ਨੂੰ ਸਮਝਣਾ ਅਤੀ ਜਰੂਰੀ ਹੈ ;—

ਹਉਮੈ ਬੂੱਝੈ ਤਾਂ ਦਰ ਸੂਝੈ ।।" (ਆਸਾ ਦੀ ਵਾਰ)

ਹਉਮੈ ਵਿਚ ਗਾਵਿਆ ਵੀ ਥਾਂਉ ਨਹੀਂ ਪੈਂਦਾ । ਆਪਾ ਤਜਿ ਕੇ ਗਾਉਣਾ, ਪ੍ਰੀਤਮ ਨੂੰ ਰੀਝਾਉਣ ਲਈ



www.AKJ.Org

ਗਾਉਣਾ, ਅਕਾਲ ਪੁਰਖ ਅਗੇ ਬੇਨਤੀ-ਰੂਪ ਹੋ ਕੇ ਗਾਉਣਾ. ਤ੍ਰਾਹਿ-ਤ੍ਰਾਹਿ ਕਰਕੇ ਸਰਨੀ ਆਉਣਾ ਅਤੇ ਸੜਦੇ
ਹਿਰਦੇ ਨੂੰ ਠਾਰਨਿ ਲਈ ਕ੍ਰਿਪਾ-ਦਾਨ ਮੰਗਣਾ । ਹਉ ਵਾਰੀ ਮੁਖੁ ਫੇਰਿ ਪਿਆਰੇ ਦੀ ਭਾਵਨਾ ਮਨਿ ਅੰਦਰ ਰੱਖ ਕੇ
ਗਾਵਣਾ ਹੀ ਥਾਉ ਪੈਂਦਾ ਹੈ ।

ਕਈ ਵਾਰ ਅਸੀ ਦੁਬਿਧਾ ਵਿਚ ਗਾਉਂਦੇ ਹਾਂ । ਸਾਡੇ ਉਤੇ ਨਾਸਤਕਤਾ ਵੀ ਵਰਤਦੀ ਹੈ । ਅਜੋਕੀ
ਸਾਇੰਸ ਦਾ ਅਸਰ ਵੀ ਹੁੰਦਾ ਹੈ । ਦੁਬਿਧਾ ਗੁਆਉਣ ਲਈ ਅੰਮ੍ਰਿਤ-ਵੇਲੇ ਉਠ ਕੇ ਨਾਮ-ਸਿਮਰਨ ਵਿਚ ਜੁੱਟਣ
ਦੀ ਲੋੜ ਹੈ । ਆਮ ਅਖਾਣ ਹੈ "ਦੁਬਿਧਾ ਮੇਂ ਦੋਨੋਂ ਗਏ, ਮਾਇਆ ਮਿਲੀ ਨ ਰਾਮ" ਦੁਬਿਧਾ ਕਿਸੇ ਬੰਨੇ ਵੀ
ਨਹੀਂ ਲੱਗਣ ਦੇਂਦੀ । ਨਾ ਉਰਾਰ ਨਾ ਪਾਰ । ਇਸ ਲਈ ਦੁਬਿਧਾ ਨੂੰ ਖੋਣਾ ਅਤੀ ਜਰੂਰੀ ਹੈ ।

"ਡਗ ਮਗ ਛਾਡਿ ਰੇ ਮਨ ਬਉਰਾ" (ਗ: ਕਬੀਰ ਜੀਓ)
"ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ।। ਦੁਬਿਧਾ ਮਾਰਿ ਬ੍ਰਹਮ ਬੀਚਾਰੇ ।।" (ਭੈ:ਮ; ੩ ਪੰ:1128)
"ਮਨੁ ਅਸਾਧ ਸਾਧੈ ਜਨੁ ਕੋਈ ।।" ਸਾਕਤੁ ਲੋਭੀ ਇਹੁ ਮਨਿ ਮੂੜਾ ।" "ਮਨ ਕਿਆ ਕਹਤਾ
ਹਉ ਕਿਆ ਕਹਤਾ । ਜਾਨ ਪ੍ਰਬੀਨ ਠਾਕੁਰ ਪ੍ਰਭੂ ਮੇਰੇ ਤਿਸ ਆਗੈ ਕਿਹਾ ਕਹਤਾ ।।" ਮਨਿ ਨੂੰ ਸਾਧਣ ਲਈ ਮਨ ਦੀ
ਦੁਬਿਧਾ ਮਾਰਨੀ ਅਤੀ ਜਰੂਰੀ ਹੈ ।

"ਲਿਵ" ਅਤੇ "ਧਾਤੁ" ਦੋ ਰਾਹ ਹਨ ਅਤੇ ਪ੍ਰਮਾਤਮਾ ਦੇ ਹੁਕਮ ਅਨੁਸਾਰ ਹਨ । ਮਨ ਨਾਲ ਝਗੜਾ
ਕਰਨਾ ਪੈਂਦਾ ਹੈ । ਇਸ ਅਮੋੜ ਮਨ ਨੂੰ ਗੁਰ ਸ਼ਬਦਿ ਦੇ ਅੰਕੁਸ਼ ਨਾਲ ਕਾਬੂ ਵਿਚ ਰੱਖਣਾ ਪੈਂਦਾ ਹੈ ਅਤੇ
ਅੰਕੁਸ ਹਰ ਰੋਜ਼ ਸਵੇਰ ਵੇਲੇ ਹੀ ਵਰਤ ਲੈਣਾ ਚਾਹੀਦਾ ਹੈ ਤਾਕਿ ਬਾਕੀ ਸਾਰਾ ਦਿਨ ਮਨਿ ਉਸੇ ਸੇਧ ਤੁਰਿਆ
ਜਾਵੇ, ਜਿਸ ਰਾਹ ਤੇ ਸਵੇਰੇ ਹੀ ਇਸ ਨੂੰ ਪਾਇਆ ਗਿਆ ਹੈ ।

ਉਪ੍ਰੋਕਤ ਦੋ ਔਗੁਣਾ ਨੂੰ ਮਾਰਨ ਉਪ੍ਰੰਤ ਤੀਜਾ ਗੁਣ ਨਿਮਰਤਾ ਪੈਦਾ ਕਰਨਾ ਅਤੀ ਜਰੂਰੀ ਹੈ ।
ਕਿਉਂਕਿ :—

"ਸੁਖੀ ਬਸੈ ਮਸਕੀਨੀਆ, ਆਪੁ ਨਿਵਾਰ ਤਲੇ ।।"
"ਫਰੀਦਾ ਬੁਰੇ ਦਾ ਭਲਾ ਕਰਿ ਗੁੱਸਾ ਮਨਿ ਨਾ ਹੰਢਾਇ ।।" ਅਤੇ ਦਾਸਾਂ ਦਾ ਦਾਸ ਹੋ ਕੇ
ਰਹਿਣਾ । ਭਾਈ ਗੁਰਦਾਸ ਜੀ ਨੇ ਤਾਂ ਇਥੋ ਤਕ ਲਿਖਿਆ ਹੈ :—

"ਮੇਰੀ ਖਲਹੁੰ ਮੌਜੜੇ ਗੁਰਸਿਖ ਹਡਾਦੇ ।।"
ਮਨਿ ਦੀ ਐਸੀ ਅਵਸਥਾ ਹੋਣ ਉਪ੍ਰੰਤ ਹੀ ਹਜ਼ੂਰੀ ਵਿਚ ਗਾਇਨ ਹੋ ਸਕਦਾ ਹੈ। ਮਨ ਹਠਿ ਕਰਕੇ
ਗਾਵਿਆ ਕਿਸੇ ਲਖੇ ਨਹੀ । ਹਉਮੈ ਵਿਚ
ਗਾਵਿਆ ਕਿਸੇ ਲੇਖੇ ਨਹੀ । ਦੁਬਿਧਾ ਵਿਚ
ਗਾਵਿਆ ਵੀ ਕਿਸੇ ਲੇਖੇ ਨਹੀ । ਹਜ਼ੂਰੀ ਵਿਚ
ਗਾਵਿਆ ਹੀ ਲੇਖੇ ਪੈਂਦਾ ਹੈ । ਹਜ਼ੂਰੀ ਵਿਚ



www.AKJ.Org

ਗਾਉਣ ਲਈ "ਨਿਵਣੁ ਸੁ ਅੱਖਰ ਖਵਣ ਗੁਣਿ ਜਿਹਬਾ ਮਣੀਆ ਮੰਤ ॥ ਏ ਤ੍ਰੈ ਭੈਣੇ ਵੇਸਿ ਕਰਿ ਤਾ ਵਸੁ ਆਵੀ ਕੰਤੁ ॥" ਨਿਮਰਤਾ ਰੂਪੀ ਗੁਣ ਧਾਰਨਿ ਕਰਨਾ ਅਤੀ ਜਰੂਰੀ ਹੈ। ਇਸੇ ਲਈ ਤਾ ਲਿਖਿਆ ਹੈ

"ਮੁਰਦਾ ਹੋਇ ਮੁਰੀਦ ਨਾ ਗਲੀ ਹੋਵਣਾ ॥ (ਵਾ; ੨ ੫;੧੮)

ਇਹ ਗੁਣਿ ਅੰਮ੍ਰਿਤ ਵੇਲੇ ਦੀ ਕਮਾਈ ਨਾਲ ਪੈਦਾ ਹੁੰਦੇ ਹਨ। ਗਲਾਂ ਨਾਲ ਨਹੀ(ਗਲਿੰ ਕਿਨੈ ਨਾ ਪਾਇਆ) ਗੁਰੂ ਨਾਨਕ ਦੇਵ ਜੀ ਸਪਸ਼ਟ ਲਿਖਦੇ ਹਨ ਕਿ :—

"ਸਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆਂ ਕਾਰਾ ਬਹੁਤ ਬਿਸਥਾਰ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧਿ ਸਿਉਗਾਡਿ ॥
ਰ ਮਨ ਲੇਖੈ ਕਬਹੂ ਨਾ ਪਾਇ ॥ ਜਾਮਿ ਨ ਭੀਜੈ ਸਾਚਿ ਨਾਇ ॥
ਦਸ ਅਠਿ ਲੀਖੇ ਹੋਵਹਿ ਪਾਸਿ ॥ ਚਾਰਿ ਬੇਦ ਮੁਖਾਗਰ ਪਾਠਿ ॥
ਪੁਰਬੀ ਨਾਵੈ ਵਰਨਾ ਕੀ ਦਾਤਿ ॥ ਵਰਤ ਨੇਮ ਕਰਹਿ ਦਿਨ ਰਾਤਿ ॥

ਭਾਵ ਸੁਇਨੇ ਦਾ ਚਉਕਾ, ਗੰਗਾ ਦਾ ਜਲ, ਯੱਗ ਦੀ ਅਗਨੀ, ਸੋਹਣੇ ਨਰਮ ਖਾਣੇ ਕਿਸੇ ਲੇਖੇ ਨਹੀ ਹਨ ਜਦੋ ਤਕ ਤਨੋ-ਮਨੋ ਭਿੱਜ ਕੇ (ਹਜ਼ੂਰੀ ਵਿਚ) ਗੁਣ ਨਾ ਗਾਏ ਜਾਣ। ਭਾਵੇਂ ਚਾਰ ਵੇਦ ਜਬਾਨੀ ਯਾਦ ਹੋਣ ਜਾਂ ਅਠਾਰਾਂ ਪੁਰਾਣ ਲਿਖੇ ਕੋਲ ਹੋਣ। ਵਰਤ-ਨੇਮ ਕਿੰਨੇ ਕਰੋ ਜਾਂ ਅਠ-ਸਠ ਤੀਰਥਾਂ ਤੇ ਇਸ਼ਨਾਨ ਕਰੋ। ਸਭ ਵਿਅਰਥ ਹਨ ਜਦੋ ਤਕ ਮਨ ਸੱਚੇ ਨਾਮਿ ਵਿਚ ਭਿੱਜਿਆ ਨਹੀਂ। ਇੱਕ ਰਸ ਮਗਨ ਹੋਕੇ ਉਸ ਅਕਾਲ-ਪੁਰਖ ਵਾਹਿਗੁਰੂ ਦੀ ਕੀਰਤਿ ਨਹੀ ਗਾਈ ਜਾਂਦੀ। ਉਹ ਅਕਾਲ ਪੁਰਖੁ ਦੂਰਿ ਨਹੀ "ਸੋ ਪ੍ਰਭ ਨੇਰੈ ਹੂ ਤੇ ਨੇ ਰੈ" (ਦੇ:ਗ:ਮ: 5) ਅਤੀ ਨੇੜੇ ਹੈ। ਸਾਡਾ ਮਨ ਵਿਚ ਹੀ ਉਸਦੀ ਜੋਤਿ ਦਾ ਨਿਵਾਸ ਹੈ। ਮਨਿ ਹੀ "ਜੋਤਿ-ਸਰੂਪਿ" ਹੈ। ਸਿਰਫ ਹਜ਼ੂਰੀ ਵਿਚ ਗਾਉਣ ਦੀ ਲੋੜ ਹੈ। ਫਿਰ ਪ੍ਰਗਟ ਪਾਹਾਰੈ ਦਿਖਾਈ ਦੇਂਦਾ ਹੈ। ਸਦਾ ਸਦਾ ਉਸਦੇ ਦਰ ਤੇ ਭਿਖਾਰੀ ਬਣ ਕੇ ਉਸ ਦੀ ਕ੍ਰਿਪਾ ਦੇ ਜਾਚਕ ਬਣੀਏ। ਗੁਰੂ ਨਾਨਕ ਦੇਵ ਜੀ ਦੇ ਪਵਿਤਰ ਅਵਤਾਰ-ਉਤਸਵ ਸਮੇਂ ਉਸ ਨਿਰੰਕਾਰੀ ਬਾਬੇ ਦੇ ਚਰਣਾ ਵਿਚ ਇਹੀ ਜੋਦੜੀ ਹੈ ਕਿ :—

"ਮੇਲਿ ਲੇਹੁ ਦਇਆਲ, ਢਹਿ ਪਏ ਦੁਆਰਿਆ ॥
ਰਖਿ ਲੇਵਹੁ ਦੀਨ ਦਇਆਲ, ਭ੍ਰਮਤ ਬਹੁ ਹਾਰਿਆ ॥"

———



www.AKJ.Org

# AUTOBIOGRAPHY
OF
# Bhai Sahib Randhir Singh Ji

Translated with introductory thesis

BY

## Dr. Trilochan Singh

ਡਾ: ਏ. ਸੀ. ਬੈਨਰਜੀ ਸਿਖ ਇਤਿਹਾਸ ਤੇ ਰਾਜਪੂਤਾਨਾ ਦੇ ਇਤਿਹਾਸ ਦੇ ਚੋਟੀ ਦੇ ਵਿਦਵਾਨ ਹਨ । ਇਹ ਕਲਕਤਾ ਜੂਨੀਵਰਸਟੀ ਦੇ ਪ੍ਰੋ: ਵਾਇਸਚਾਂਸਲਰ ਰਹੇ ਹਨ । ਅਜ ਕਲ ਯਾਦਵਪੁਰ ਯੂਨੀਵਰਸਟੀ ਵਿਚ ਸਿਖ ਇਤਿਹਾਸ ਤੇ ਕਲਚਰ ਦੇ ਪ੍ਰੋਫੈਸਰ ਹਨ । ਇਸ ਪੁਸਤਕ ਨੂੰ ਪੜ੍ਹ ਕੇ ਉਹ ਲਿਖਦੇ ਹਨ ।

I had heard of Bhai Sahib Randhir Singh in connection with the history of the revolutionary movement, but I never knew that he was a God-intoxicated man. The book cast a spell ou me. I read it continuously for two days and shall read it again.It shows how Sikhism remains a living and active religous force even in the 20th century. A community which can produce such a man can give our country and the world new values and ideals."

**(Dr. A. C. Banerjee)**
Jadavpur University
Calcutta

Excellent get up
Demy Octave
448 + 70 Pages

| | |
|---|---|
| Price Rs. | 20 |
| Shillings. | 35 |
| Dollars. | 5 |

Reasonable discount will be given to Book sellers

**BHAI SAHIB BHAI RANDHIR SINGH PUBLISHING HOUSE**
126 MODEL TOWN, LUDHIANA—2
PUNJAB (India)



www.AKJ.Org

# ਕਿਥੋਂ ਕੀ ਮਿਲਦਾ ਹੈ ?

| ਨ: | ਵਸਤ | ਮਿਲਣ ਦਾ ਪਤਾ |
| --- | --- | --- |
| 1. | (ੳ) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ (ਅ) ਜੇਲ੍ਹ ਚਿਠਿਆ ਦਾ ਅੰਗਰੇਜ਼ੀ ਤਰਜਮਾ। | ਭਾਈ ਸਾਹਿਬ ਭਾਈ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126 ਮਾਡਲ ਟਾਊਨ, ਲੁਧਿਆਣਾ। |
| 2. | ਹਰ ਕਿਸਮ ਦੀਆਂ ਧਾਰਮਕ ਪੁਸਤਕਾਂ। | (ੳ) ਸਿੰਘ ਬਰਦਰਜ਼ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ। (ਅ) ਖਾਲਸਾ ਬਰਦਰਜ਼ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ। |
| 3. | ਕਿਰਪਾਨਾਂ (ਭਿੰਡਰਾਂ ਦੇ ਨਮੂਨੇ ਵਾਲੀਆਂ) | (ੳ) ਭਾ: ਇੰਦਰਜੀਤ ਸਿੰਘ ਜੀ, ਕਿਰਪਾਨਾਂ ਵਾਲੇ 2 ਅਜੀਤ ਨਗਰ, ਅੰਮ੍ਰਿਤਸਰ। (ਅ) ਭਾ; ਇੰਦਰ ਸਿੰਘ ਜੀ ਕਿਰਪਾਨਾਂ ਵਾਲੇ ਪਿੰਡ ਤੇ ਡਾਕਖਾਨਾ ਰਤੋਵਾਲ ਜ਼ਿਲਾ ਲੁਧਿਆਣਾ। |
| 4. | ਖੰਡੇ (ਦਸਤਾਰ ਤੇ ਸਜਾਉਣ ਵਾਲੇ) ਸਿਮਰਨੇ ਤੇ ਜੋੜਿਆਂ ਦੇ ਨੰਬਰ। | ਭਾ: ਕਿਰਪਾਲ ਸਿੰਘ ਖਾਲਸਾ ਨਿਸ਼ਾਨ ਮੇਕਰਜ਼, 90 ਲਾਲ ਕੁਆਰਟਰ, ਆਜ਼ਾਦ ਨਗਰ ਮਾਰਕੀਟ ਲੁਧਿਆਣਾ। |
| 5. | ਸਰਬ ਲੋਹ ਦੇ ਭਾਂਡੇ | ਮਿਸਤਰੀ ਉਜਾਗਰ ਸਿੰਘ, ਮੁਹੱਲਾ ਲੁਹਾਰਾਂ ਪਿੰਡ ਤੇ ਡਾਕਖਾਨਾ ਘੜੂਆਂ, ਤਸੀਲ ਖਰੜ, ਜ਼ਿਲਾ ਰੋਪੜ। |



www.AKJ.org

# ਸ੍ਰੀ ਹੇਮ ਕੁੰਟ ਮਿਸ਼ਨ

## ਹਾਲਤ ਕੀ ਹੈ ?

ਸਿਖ ਧਰਮ ਦੇ ਪਰਚਾਰ ਬਾਰੇ ਕੁਝ ਅਮੁਲੀ ਤਜਵੀਜਾਂ ।

ਲੇਖਕ :- ਹਰਨਾਮ ਸਿੰਘ ਵਾਸੂ, ਸੀਨੀਅਰ ਐਡਵੋਕੇਟ, ਚੰਡੀਗੜ੍ਹ

ਗੁਰੂ ਦਸਮ ਪਾਤਸ਼ਾਹ ਜੀ ਦੇ ਸਮੇਂ ਕੇਵਲ 40 ਸਿੰਘਾਂ ਨੇ ਗੁਰੂ ਸਾਹਿਬ ਨੂੰ ਬਿਦਾਵਾ ਦਿਤਾ ਤਾਂ ਸਾਰੇ ਪੰਜਾਬ ਤਥਾ ਪੰਥ ਵਿਚ ਹਾਹਾਕਾਰ ਮਚ ਗਈ । ਲੋਕ ਰਾਇ ਉਹਨਾ ਬਿਦਾਵੀਆਂ ਦੇ ਵਿਰੁੱਧ ਇਤਨੀ ਜ਼ਬਰ-ਦਸਤ ਹੋ ਗਈ ਕਿ ਉਹਨਾਂ ਨੂੰ ਤੁਰਤ ਹੀ ਆਪਣੀ ਭੁੱਲ ਦਾ ਪਛਤਾਵਾ ਹੋਇਆ ਅਤੇ ਫਿਰ ਉਹ ਗੁਰੂ ਦੀ ਸਿੱਖੀ ਤੋਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹੋ ਗਏ । ਇਸ ਤਰ੍ਹਾਂ ਟੁੱਟੀ ਦਿਨਾਂ ਵਿਚ ਗੰਢ ਲਈ ।

ਅਜ ਕਲ੍ਹ ਕਈ ਸੈਂਕੜੇ ਤੇ ਹਜ਼ਾਰਾਂ ਸਿੰਘ ਰੋਜ਼ ਗੁਰੂ ਦੀ ਸਿੱਖੀ ਨੂੰ ਬੇਦਾਵਾ ਦੇ ਰਹੇ ਹਨ ਪਰ ਉਹਨਾਂ ਦੇ ਵਿਰੁੱਧ ਲੋਕ ਰਾਏ ਬਨਾਉਣ ਅਤੇ ਜਥੇਬੰਦ ਕਰਨ ਦਾ ਕੋਈ ਉਪਰਾਲਾ ਨਹੀਂ ਹੋ ਰਿਹਾ, ਨਾ ਕੋਈ ਹੋਰ ਹੀ ਜਤਨ ਹੋ ਰਿਹਾ ਹੈ । ਜੇ ਹਾਲਤ ਇਸ ਪ੍ਰਕਾਰ ਹੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਕਿ ਪੰਥ ਵਿਚ ਬਹੁਗਿਣਤੀ ਪਤਤਾਂ ਦੀ ਹੋ ਜਾਵੇ ਅਤੇ ਉਹ ਬਹੁਗਿਣਤੀ ਦੇ ਜ਼ੋਰ ਨਾਲ ਗੁਰਸਿੱਖੀ ਦੀ ਰਹਿਤ ਮਰਯਾਦਾ ਸਬੰਧੀ ਜੋ ਚਾਹੁਣ ਫ਼ੈਸਲੇ ਕਰ ਦੇਣ ।

ਸੋ ਪਹਿਲਾਂ ਇਸ ਦੇ ਕਿ ਹਾਲਾਤ ਕਾਬੂ ਤੋਂ ਬਾਹਰ ਹੋ ਜਾਣ ਤੇ ਸਿਸਕੀਆਂ ਲੈ ਰਹੀ ਰਹਿੰਦੀ-ਖੂੰਹਦੀ ਸਿਖੀ ਭਾਵਨਾ ਵੀ ਦਮ ਤੋੜ ਜਾਵੇ, ਕੁਝ ਕਰਨ ਦੀ ਲੋੜ ਹੈ । ਸਮਾਂ ਹੁਣ ਇਹ ਆਗਿਆ ਨਹੀਂ ਦਿੰਦਾ ਕਿ ਇਹ ਸੋਚਿਆ ਜਾਵੇ ਜਾਂ ਉਡੀਕਿਆ ਜਾਵੇ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ ਖਾਲਸਾ ਦੀਵਾਨ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਆਦਿ ਇਸ ਸਬੰਧ ਵਿਚ ਕੁਝ ਕਰਦੀ ਹੈ ਜਾਂ ਨਹੀਂ ।



www.AKJ.Org

ਮੇਰੇ ਖਿਆਲ ਵਿਚ ਗੁਰੂ ਘਰ ਦੇ ਕੂਕਰਾਂ ਅਤੇ ਸੇਵਕਾਂ ਨੂੰ ਵਾਹਿਗੁਰੂ ਅਕਾਲ ਪੁਰਖ ਦੀ ਓਟ ਲੈ ਕੇ ਅਤੇ ਦਸਮ ਪਾਤਸ਼ਾਹ ਸ੍ਰੀ ਕਲਗੀਧਰ ਜੀ, ਦੇ ਪਾਵਨ ਚਰਨਾਂ ਵਿਚ ਅਰਦਾਸ ਕਰਕੇ ਇਸ ਪਵਿੱਤਰ ਕਾਰਜ ਵਿਚ ਤਨ ਮਨ ਧਨ ਅਰਪਣ ਕਰਕੇ ਤੁਰਤ ਹੀ ਜੁਟ ਜਾਣਾ ਚਾਹੀਦਾ ਹੈ ।

## ਕਸੂਰ ਕਿਸਦਾ ਹੈ ?

ਦਸਮ ਪਾਤਸ਼ਾਹ ਦੇ ਬੇਦਾਵੀਆਂ ਨੂੰ ਲੋਕਾਂ ਦੀਆਂ, ਰਿਸ਼ਤੇਦਾਰਾਂ ਅਤੇ ਘਰ ਦੀਆਂ ਫਿਟਕਾਰਾਂ ਨੇ ਉਹਨਾਂ ਨੂੰ ਭੁੱਲ ਦਾ ਅਹਿਸਾਸ ਕਰਵਾ ਦਿਤਾ ਸੀ ਅਤੇ ਮੋਰਚਾ ਫ਼ਤਿਹ ਹੋ ਗਿਆ ਸੀ ਪਰ ਹੁਣ ਉਹ ਹਥਿਆਰ ਨਹੀਂ ਚਲ ਸਕਦਾ ਨਾਲੇ ਉਹ ਹਥਿਆਰ ਹੁਣ ਵਰਤਣ ਲਈ ਸਿੱਖ ਪਬਲਿਕ, ਸ਼ਾਇਦ ਹੱਕ ਬਜਾਨਬ ਵੀ ਨਾ ਹੋਵੇ ਕਿਉਂਕਿ ਜੋ ਅੱਜ ਕਲ ਦੇ ਨੌਜਵਾਨਾਂ ਵਿਚ ਅਤੇ ਨਵੀਂ ਪਨੀਰੀ ਵਿਚ ਸਿੱਖੀ ਵਲੋਂ ਢਿਲ ਆ ਰਹੀ ਹੈ, ਉਸ ਵਿਚ ਇਤਨਾਂ ਉਹਨਾਂ ਨੌਜਵਾਨਾਂ ਦਾ ਕਸੂਰ ਨਹੀਂ ਜਿੰਨਾਂ ਉਹਨਾਂ ਦੇ ਮਾਪਿਆਂ ਦਾ ਅਤੇ ਵਡੇ ਵਡੇਰਿਆਂ ਦਾ ਹੈ ।

ਪਿਛਲੇ 20-25 ਸਾਲਾਂ ਤੋਂ ਸਿੱਖ ਨੌਜਵਾਨਾਂ ਅਤੇ ਬਚਿਆਂ ਨੂੰ ਸਿੱਖੀ ਇਤਿਹਾਸ ਅਤੇ ਸਿੱਖੀ ਮਰਯਾਦਾ ਸਬੰਧੀ ਜਾਣਕਾਰੀ ਦੇਣ ਦਾ ਕੋਈ ਠੋਸ ਉਪਰਾਲਾ ਨਹੀਂ ਹੋਇਆ । ਸਾਡੇ ਘਰਾਂ ਦਾ, ਸਮੁੱਚੇ ਭਾਈਚਾਰੇ ਦਾ, ਸਕੂਲਾਂ, ਕਾਲਜਾਂ ਅਤੇ ਆਮ ਕਰਕੇ ਗੁਰਦਵਾਰਿਆਂ ਦਾ ਵੀ ਵਾਤਾਵਰਣ ਐਸਾ ਹੀ ਹੋ ਗਿਆ ਹੈ ਕਿ ਬੱਚੇ ਬੱਚੀਆਂ ਨੂੰ ਜਨਮ ਤੋਂ ਲੈ ਕੇ ਵੀਹ ਪੰਜੀ ਸਾਲਾਂ ਤਕ ਸਿੱਖੀ ਸਬੰਧੀ ਕੋਈ ਜਾਣਕਾਰੀ ਅਤੇ ਪ੍ਰੇਰਨਾ ਨਹੀਂ ਮਿਲਦੀ ਇਸ ਦੇ ਉਲਟ ਨੌਜਵਾਨਾਂ ਅਤੇ ਬੱਚੇ ਬੱਚੀਆਂ ਦੀਆਂ ਸੋਹਲ, ਸਵੱਛ ਅਤੇ ਨਿਰਮਲ ਆਤਮਾਵਾਂ ਉਤੇ ਮੁਕੱਮਲ ਗਲਬਾ ਸਿਨਮਾ ਪਿਕਚਰਾਂ ਦਾ, ਕਲਚਰਲ ਪ੍ਰੋਗਰਾਮਾਂ ਦਾ, ਰੇਡੀਓ ਗਾਣਿਆਂ ਦਾ ਅਤੇ ਗੰਦੇ ਲਿਟਰੇਚਰ ਦਾ ਹੁੰਦਾ ਹੈ । ਸੋ ਸਿੱਖ ਬਚਿਆਂ ਦੀ ਅਤੇ ਨੌਜਵਾਨਾਂ ਦੀ ਸਿਖੀ ਵਲੋਂ ਬੇਰੁਖੀ ਅਤੇ ਅਰੁਚੀ ਦਾ ਕਾਰਨ ਇਹੋ ਹੀ ਹੈ ਕਿ ਉਹਨਾਂ ਨੂੰ ਪਤਾ ਹੀ ਨਹੀਂ ਕਿ ਸਿੱਖੀ ਕੀ ਚੀਜ਼ ਹੈ । ਅਜ ਦੇ ਨੌਜਵਾਨਾਂ ਨੇ ਭਵਿਖ ਵਿਚ ਬਜ਼ੁਰਗ ਬਨਣਾ ਹੈ ਅਤੇ ਜੇ ਇਹਨਾਂ ਨੂੰ ਸਿੱਖੀ ਬਾਰੇ ਜਾਣਕਾਰੀ ਨਹੀਂ ਅਤੇ ਇਸ ਦੀ ਮਹਿਮਾ ਦਾ ਗਿਆਨ ਨਹੀਂ ਤਾਂ ਇਹ ਆਪਣੇ ਬਚਿਆਂ ਨੂੰ ਕੀ ਸਿਖਿਆ ਦੇ ਸਕਣਗੇ । ਇਸ ਲਈ ਸਿੱਖ ਨੌਜਵਾਨ ਜਿਹੜੇ ਸਿੱਖੀ ਤੋਂ ਦੂਰ ਜਾ ਰਹੇ ਹਨ ਉਹਨਾਂ ਨਾਲ ਹਮਦਰਦੀ, ਪਿਆਰ ਅਤੇ ਤਰਸਭਾਵਨਾ ਦੀ ਲੋੜ ਹੈ ਅਤੇ ਇਸ ਭਾਵਨਾ ਨਾਲ ਹੀ ਕੰਮ ਅਰੰਭ ਹੋਣਾ ਚਾਹੀਦਾ ਹੈ ਨਾ ਕਿ ਨਫ਼ਰਤ, ਗਿਲਾਨੀ, ਕੁੜਤਨ ਜਾਂ ਸਖ਼ਤੀ ਨਾਲ ।

## ਸਿੱਖੀ ਕੀ ਹੈ ?

ਸਿੱਖ ਧਰਮ ਕਿਸੇ ਕਰਮ ਕਾਂਡ ਜਾਂ ਤਪ ਸਾਧਨਾ ਦਾ ਨਾਉਂ ਨਹੀਂ ਹੈ, ਨਾ ਇਹ ਗ੍ਰਿਹਸਤ ਤਿਆਗ ਜਾਂ ਸਨਯਾਸ ਧਾਰਨ ਦੀ ਹੀ ਪ੍ਰੇਰਨਾ ਦਿੰਦਾ ਹੈ, ਸਿੱਖੀ ਤਾਂ ਇਕ ਸੁਚੱਜੇ ਜੀਵਨ ਦੀ ਜਾਚ ਦਾ ਨਾਉਂ ਹੈ ।



www.AKJ.Org

ਫਿਰ ਇਹ ਧਰਮ ਨਿਰਾ ਸ਼ਖਸ਼ੀ ਧਰਮ ਨਹੀਂ ਹੈ, ਇਹ ਤਾਂ ਜਥੇਬੰਦ ਧਰਮ ਹੈ, ਨਾਮ ਜਪਣਾ, ਧਰਮ ਦੀ ਕਿਰਤ ਕਰਨੀ ਅਤੇ ਵੰਡ ਛਕਣਾ ਇਸ ਦੇ ਤਿੰਨੇ ਮੁਢਲੇ ਸੁਨਹਿਰੀ ਅਸੂਲ ਹਨ। ਦੀਨ ਦੁਖੀ ਅਤੇ ਲੋੜਵੰਦ ਦਾ ਦਰਦ ਵੰਡਣਾ, ਸਿਖੀ ਦਾ ਇਕ ਹੋਰ ਜ਼ਰੂਰੀ ਅੰਗ ਹੈ-

'ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ' ਇਹ ਸੁਨਹਿਰੀ ਅਸੂਲ ਵੀ ਸਿਖੀ ਮਾਰਗ ਤੇ ਚਲਣ ਵਾਲੇ ਦਾ ਨਿਸ਼ਾਨ ਹੈ । ਜਾਬਰ ਅਤੇ ਜ਼ੁਲਮ ਅਗੇ ਮਜ਼ਲੂਮਾਂ ਲਈ ਢਾਲ ਬਨਣਾ। ਸਮਾਂ ਆ ਜਾਵੇ ਤਾਂ-

'ਜਬ ਆਵ ਕੀ ਅਉਧ ਨਿਧਾਨ ਬਣੈ ਅਤ ਹੀ ਰਣ ਮੈਂ ਜੂਝ ਮਰੋਂ' ।

ਨਾਲੇ

'ਪੁਰਜ਼ਾ ਪੁਰਜ਼ਾ ਕਟ ਮਰੈ ਕਬਹੂ ਨਾ ਛਾਡੇ ਖੇਤਿ ॥'

ਤਥਾ

'ਸੰਤਾਂ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ'

ਇਹਨਾਂ ਪਵਿਤਰ ਬਚਨਾਂ ਤੇ ਪਹਿਰਾ ਦੇਣਾ ਵੀ ਸਿਖੀ ਦੇ ਧਾਰਨੀ ਲਈ ਅਤੀ ਜ਼ਰੂਰੀ ਹੈ। ਏਸੇ ਤਰਾਂ ਆਰਥਕ ਵਰਤੋਂ ਵਿਹਾਰ ਵਿਚ—'ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ' ਦਾ ਉਚਾ ਸੁਚਾ ਆਦਰਸ਼, ਨਿਸ਼ਾਨਾ ਮੁਖ ਰਖਣਾ ਵੀ ਜ਼ਰੂਰੀ ਹੈ। ਇਸ ਪਰਕਾਰ ਦੇ ਅਮਲੀ ਜੀਵਨ ਵਾਲੇ ਆਦਰਸ਼ਕ ਇਨਸਾਨ ਦਾ ਤਸਵਰ ਦਸਮ ਪਾਂਤਸ਼ਾਹ ਜੀ ਦੇ ਧਿਆਨ ਵਿਚ ਆਇਆ ਤਾਂ ਦੂਜਾ ਸਵਾਲ ਇਹ ਸੀ ਕਿ ਅਜਿਹੇ ਇਨਸਾਨ ਦੀ ਸ਼ਕਲ, ਸੂਰਤ, ਰਹਿਤ ਬਹਿਤ ਅਤੇ ਡੀਲ ਡੌਲ ਕਿਹੋ ਜਿਹੀ ਹੋਵੇ । ਸੋ ਉਹ ਵੀ ਸ੍ਰੀ ਦਸਮੇਸ਼ ਪਿਤਾ ਜੀ ਨੇ ਅਕਾਲ ਪੁਰਖ ਦੀ ਪ੍ਰੇਰਨਾ ਨਾਲ ਅੰਤਰ ਆਤਮੇ ਤਹਿ ਕਰ ਲਈ ਤਾਂ ਸੰਨ 1699 (ਬਿਕ੍ਰਮੀ 1756) ਦੀ ਵਿਸਾਖੀ ਵਾਲੇ ਦਿਹਾੜੇ ਭਾਰੀ ਸਜੇ ਦੀਵਾਨ ਵਿਚ ਇਕ ਮਹਾਨ ਕਰੜੀ ਪ੍ਰੀਖਿਆ ਲੈਣ ਦੇ ਬਾਅਦ ਉਸ ਆਦਰਸ਼ਕ ਇਨਸਾਨ ਦਾ ਰੂਪ ਪੰਜਾਂ ਪਿਆਰਿਆਂ ਰਾਹੀਂ ਖਾਲਸੇ ਦੇ ਰੂਪ ਵਿਚ ਸੰਸਾਰ ਦੇ ਸਾਹਮਣੇ ਪ੍ਰਗਟ ਕਰ ਦਿਤਾ।



www.AKJ.Org

ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਜਿਸ ਵਿਅਕਤੀ ਨੇ ਉਪਰੋਕਤ ਗੁਣਾਂ ਵਾਲਾ ਜੀਵਨ ਅਪਨਾ-ਉਣਾ ਹੈ ਉਸ ਲਈ ਜ਼ਰੂਰੀ ਹੋਵੇਗਾ ਕਿ ਉਹ ਸਾਬਤ ਸੂਰਤ ਰਹੇ ਅਤੇ ਹੋਰ ਦਸੀ ਹੋਈ ਰਹਿਤ ਮਰਯਾਦਾ ਦਾ ਪਾਬੰਦ ਰਹੇ । ਹਿੰਦੁਸਤਾਨ ਦੇ ਕੋਨੇ ਕੋਨੇ ਤੋਂ ਆਏ ਹੋਏ ਲੋਕਾਂ ਨੇ ਇਸ ਹੁਕਮ ਅਗੇ ਸੀਸ ਝੁਕਾਇਆ ਅਤੇ ਆਪਣਾ ਤਨ ਨ ਮਧਨ ਗੁਰੂ ਅਰਪਣ ਕਰਕੇ ਸਿਖੀ ਪ੍ਰਾਪਤ ਕੀਤੀ । ਸ੍ਰੀ ਗੁਰੂ ਕਲਗੀਧਰ ਜੀ ਨੇ ਨਵੇਂ ਸਜੇ ਸਿੰਘਾਂ ਪ੍ਰਤੀ ਕਿਹਾ ਕਿ ਤੁਹਾਡੀ ਸ਼ਕਲ ਸੂਰਤ, ਉਚਾ ਆਚਰਣ ਅਤੇ ਬੇਮਿਸਾਲ ਬਹਾਦਰੀ ਵੇਖ ਕੇ ਤੁਹਾਨੂੰ ਲੋਕ 'ਨਿਆਰਾ' ਕਹਿਣਗੇ ਪਰ ਯਾਦ ਰਖਣਾ ਕਿ ਤੁਹਾਡੇ ਇਸ "ਨਿਆਰੇਪਨ' ਅਗੇ ਹੀ ਮੈਂ ਆਪਣਾ ਸਭ ਕੁਝ ਅਰਪਣ ਕਰਾਂਗਾ । ਨਾ ਕੇਵਲ ਇਤਨਾ ਹੀ ਫੁਰਮਾਇਆ ਸਗੋਂ ਇਹ ਵੀ ਕਿਹਾ ਕਿ ਅਸਲ ਵਿਚ ਤਾਂ ਤੁਹਾਡੀ ਅਤੇ ਮੇਰੀ ਸਾਂਝ ਹੀ ਕੇਵਲ ਇਸ 'ਨਿਆਰੇਪਨ' ਦੀ ਹੈ । ਜਦ ਤੁਸੀਂ ਇਸ ਨਿਆਰੇਪਨ ਨੂੰ ਛਡ ਦਿਤਾ ਤਾਂ ਮੇਰਾ ਭਰੋਸਾ ਤੁਹਾਡ ਉਤੋਂ ਉਠ ਜਾਵੇਗਾ ਹੁਕਮ ਕੀਤਾ-

'ਜਬ ਲਗ ਰਹੈ ਖਾਲਸਾ ਨਿਆਰਾ ।
ਤਬ ਲਗ ਤੇਜ ਦੀਓ ਮੈ ਸਾਰਾ ।
ਜਬ ਇਹ ਗਹੈ ਬਿਪ੍ਰਨ ਕੀ ਰੀਤਿ ।
ਮੈ ਨਾ ਕਰੋਂ ਇਨ੍ਹ ਕੀ ਪ੍ਰਤੀਤ ।'

ਇਹਨ੍ਹਾਂ ਤਾੜਨਾ ਭਰੇ ਬਚਨਾਂ ਦੇ ਨਾਲ ਹੀ ਉਸ ਜਮਹੂਰੀਅਤ ਦੇ ਸ਼ਹਿਨਸ਼ਾਹ ਨੇ ਫੁਰਮਾਇਆ ਕਿ ਜੇ ਤੁਸੀਂ ਮੇਰੀ ਇਸ ਦਸੀ ਹੋਈ ਰਹਿਤ ਮਰਯਾਦਾ ਵਿਚ ਪ੍ਰਪਕ ਰਹੋਗੇ ਤਾਂ ਫਿਰ ਮੈਨੂੰ ਆਪਣਾ ਗੁਰੂ ਨਹੀਂ ਸਗੋਂ ਆਪਣਾ ਸੇਵਕ ਅਤੇ ਦਾਸ ਹੀ ਜਾਣਿਓ-

'ਰਹਿਣੀ ਰਹੈ ਸੋਈ ਸਿਖ ਮੇਰਾ ।
ਓਹ ਸਾਹਿਬ ਮੈ ਉਸ ਕਾ ਚੇਰਾ ।'

-ਚਲਦਾ-



www.AKJ.Org

# ਗੁਰਪੁਰਬ ਤੇ ਸੰਗਰਾਂਦ

| | |
|---|---|
| ਪਾ: ੧੦ ਜੋਤੀ ਜੋਤ ਸਮਾਏ | ੧੧ ਨਵੰਬਰ |
| ਪਾ: ੧ ਅਵਤਾਰ ਧਾਰਿਆ | ੨੦ ਨਵੰਬਰ |
| ਸੰਗਰਾਂਦ ਮਘਰ | ੧੫ ਨਵੰਬਰ |

www.AKJ.Org

SURA REGD. NO. P. 68 JULLUNDUR

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | | | |
|---|---|---|---|
| ੧. ਜੇਲ੍ਹ ਚਿੱਠੀਆਂ | ੫-੦੦ | ੨੩. ਆਸਤਕ ਨਾਸਤਕ | ੦-੧੫ |
| ੨. ਗੁਰਮਤ ਨਾਮ ਅਭਿਆਸ ਕਮਾਈ | ੨-੫੦ | ੨੪. ਕੋ ਵਿਰਲਾ ਗੁਰਮਤਿ ਚਲੈ | ੦-੨੦ |
| x੩. ਗੁਰਮਤਿ ਲੇਖ | | ੨੫. ਸਚੀਆਂ ਦਾਹੜੀਆਂ | ੦-੧੨ |
| x੪. ਗੁਰਮਤਿ ਬਬੇਕ | ੩-੦੦ | ੨੬, ਸਤ ਪਦ ਨਿਰਣੇ | ੨-੨੦ |
| ੫. ਸੱਚਖੰਡ ਦਰਸ਼ਨ | ੦-੭੫ | ੨੭. ਗੁਰਮਤ ਰਮਜ਼ਾਂ | ੦-੬੫ |
| ੬. ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ | x੨੮, ਗੁਰਬਾਨੀ ਦੀਆਂ ਲਗਾਂ ਮਾਤਰਾਂ ਦੀ ਵਿਲੱਖਣਤਾ | |
| ੭. ਚਰਨ ਕਮਲ ਕੀ ਮਉਜ | ੦-੮੮ | ੨੯. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ |
| x੮. ਅਣਡਿਠੀ ਦੁਨੀਆਂ | | ੩੦. ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| x੯. ਕਰਮ ਫ਼ਿਲਾਸਫ਼ੀ | | ੩੧. ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ | ੦-੨੦ |
| ੧੦. ਅਨਹਦ ਸ਼ਬਦ ਦਸਮ ਦੁਆਰ | ੨-੫੦ | ੩੨. ਵਾਹਿਗੁਰੂ ਸਿਮਰਨ | ੦-੨੦ |
| x੧੧. ਗੁਰਮਤਿ ਸਤ ਨਿਰਣੇ | | x੩੩. ਗੁਰਮਤਿ ਪ੍ਰਕਾਸ਼ | |
| ੧੨. ਅੰਮ੍ਰਿਤ ਕਲਾ | ੦-੪੦ | ੩੪. ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| x੧੩. ਅੰਮ੍ਰਿਤ ਕੀ ਹੈ ? | | ੩੫. ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੩੦ |
| ੧੪. ਸੁਪਨਾ | ੦-੩੦ | | |
| ੧੫: ਬਾਬਾ ਵੈਦ ਰੋਗੀਆਂ ਦਾ | ੦-੨੦ | ੩੬. ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੧.੫੬ |
| ੧੬. ਗਯਾਨ ਚਾਨਣਾ | ੦-੧੦ | | |
| x੧੭.ਹਉਮੈ ਨਾਵੈ ਨਾਲਿ ਵਿਰੋਧ | | ੩੭. ਗੁਰਮਤ ਵਿਚਾਰ | ੦-੮੦ |
| ੧੮. ਦਰਸ਼ਨ ਝਲਕਾਂ (ਕਵਿਤਾ) | ੨-੦੦ | x੩੮. ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਗੁਰੂ | |
| ੧੯, ਜੋਤਿ ਵਿਗਾਸ(ਕਵਿਤਾ) | | ੩੯. ਗੁਰਮਤ ਗੋਰਵਤਾ | ੫-੦੦ |
| ੦. ਕਥਾ ਕੀਰਤਨ | | ੪੦. ਨਾਮ ਸਬੰਧੀ ਵਿਚਾਰ | ੦-੫੦ |
| ਰੰਗਲੇ ਸਜਣ | ੨-੫੦ | ੪੧. ਗੁਰਬਾਣੀ ਸਬੰਧੀ ਸ਼ੰਕਿਆਂ ਦਾ ਉਤ੍ਰ | ੦-੫੦ |
| ਸਿੱਖ ਕੌਣ ਹੈ ? | ੦-੧੫ | ੪੨. ਪ੍ਰਗਟੀ ਜੋਤਿ ਮਿਲ ਰਾਮ ਪਿਆਰੇ | ੦-੩੦ |

ਟ :- x ਚਿਹ ਪੁਸਤਕਾਂ ਸਟਾਕ ਵਿਚ ਨਹੀਂ ਹਨ । ਨਵੇਂ ਸਿਰੇ ਛਾਪਣ ਦਾ ਪ੍ਰਬੰਧ ਹੋ ਰਿਹਾ ਹੈ ।

ਂ ਮਿਲਣ ਦਾ ਪਤਾ :-

## ਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ

126 ਮਾਡਲ ਟਾਊਨ, ਲੁਧਿਆਣਾ

www.AKJ.Org